Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 286 | 03/04/2026 | www.samajweekly.com | samajweekly | @samajweekly | samajweekly

# 'ਅਸੀਂ 2-3 ਹਫ਼ਤਿਆਂ ਵਿਚ ਇਰਾਨ 'ਤੇ ਵੱਡਾ ਹਮਲਾ ਕਰਾਂਗੇ'-ਡੋਨਾਲਡ ਟਰੰਪ

## 'ਮੈਂ ਆਪਣੇ ਪਹਿਲੇ ਕਾਰਜਕਾਲ 'ਚ ਇਰਾਨੀ ਕਮਾਂਡਰ ਜਨਰਲ ਸੁਲੇਮਾਨੀ ਨੂੰ ਮਾਰਿਆ, ਸੁਲੇਮਾਨੀ ਬੰਬ ਬਣਾਉਣ ਦਾ ਮਾਹਰ ਸੀ'

**ਅਮਰੀਕਾ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਸਵੇਰੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਅਮਰੀਕਾ ਨੇ ਇਰਾਨ ਯੁੱਧ ਜਿੱਤ ਲਿਆ ਹੈ ਅਤੇ ਚੇਤਾਵਨੀ ਦਿੱਤੀ ਕਿ ਅਮਰੀਕਾ ਦੋ ਤੋਂ ਤਿੰਨ ਹਫ਼ਤਿਆਂ ਦੇ ਅੰਦਰ ਇਰਾਨ 'ਤੇ ਵੱਡਾ ਹਮਲਾ ਕਰੇਗਾ। ਟਰੰਪ ਨੇ ਅੱਗੇ ਕਿਹਾ ਕਿ ਇਰਾਨ ਦੀ ਮਿਜ਼ਾਈਲ ਅਤੇ ਡਰੋਨ ਸਮਰੱਥਾਵਾਂ ਅਤੇ ਜਲ ਸੈਨਾ ਨੂੰ ਤਬਾਹ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਫੌਜੀ ਤਾਕਤ ਕਾਫ਼ੀ ਕਮਜ਼ੋਰ ਹੋ ਗਈ ਹੈ। ਟਰੰਪ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਅਮਰੀਕਾ ਇਰਾਨ ਨੂੰ "ਪੱਥਰ ਯੁੱਗ" ਵਿੱਚ ਵਾਪਸ ਭੇਜ ਦੇਵੇਗਾ। ਹਾਲਾਂਕਿ, ਉਸ ਨੇ ਇਹ ਵੀ ਦਾਅਵਾ ਕੀਤਾ ਕਿ



ਇਰਾਨ ਵਿੱਚ ਸ਼ਾਸਨ ਤਬਦੀਲੀ ਆਈ ਹੈ ਅਤੇ ਨਵੀਂ ਲੀਡਰਸ਼ਿਪ ਪਹਿਲਾਂ ਨਾਲੋਂ ਘੱਟ ਕੱਟੜਪੰਥੀ ਹੈ। ਟਰੰਪ ਨੇ 19 ਮਿੰਟ ਦਾ ਭਾਸ਼ਣ ਦਿੱਤਾ। ਉਨ੍ਹਾਂ ਨੇ ਕੋਈ ਨਵੀਂ ਘੋਸ਼ਣਾ ਨਹੀਂ ਕੀਤੀ, ਉਹੀ ਨੁਕਤੇ ਦੁਹਰਾਏ ਜੋ ਉਹ ਕੁਝ ਸਮੇਂ ਤੋਂ ਕਰ ਰਹੇ ਹਨ। ਉਨ੍ਹਾਂ ਨੇ ਯੁੱਧ ਦੀ ਲਾਗਤ ਅਤੇ ਲੰਬੇ ਸਮੇਂ ਤੱਕ ਚੱਲਣ ਬਾਰੇ ਚਿੰਤਤ ਅਮਰੀਕੀਆਂ ਨੂੰ ਇਸ ਟਕਰਾਅ ਨੂੰ ਦ੍ਰਿਸ਼ਟੀਕੋਣ ਵਿੱਚ ਰੱਖਣ ਦੀ ਅਪੀਲ ਕੀਤੀ।

ਹੋਰਮੁਜ਼ ਜਲਡਮਰੂ ਸੰਕਟ ਬਾਰੇ, ਉਨ੍ਹਾਂ ਕਿਹਾ ਕਿ ਦੂਜੇ ਦੇਸ਼ਾਂ ਨੂੰ ਇਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਹਾਲਾਂਕਿ, ਇੱਕ ਦਿਨ ਪਹਿਲਾਂ, ਉਨ੍ਹਾਂ ਕਿਹਾ ਸੀ ਕਿ ਹੋਰ-ਮੁਜ਼ ਜਲਡਮਰੂ ਨੂੰ ਖੋਲ੍ਹੇ ਬਿਨਾਂ ਕੋਈ ਸਮਝੌਤਾ ਨਹੀਂ ਹੋਵੇਗਾ। ਟਰੰਪ ਦੇ ਅਨੁਸਾਰ, ਜੇਕਰ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਹੋਇਆ ਪ੍ਰਮਾਣੂ ਸਮਝੌਤਾ ਜਾਰੀ ਰਹਿੰਦਾ, ਤਾਂ ਇਰਾਨ ਨੇ ਪ੍ਰਮਾਣੂ ਹਥਿਆਰਾਂ ਦਾ ਵੱਡਾ ਭੰਡਾਰ ਇਕੱਠਾ ਕਰ ਲਿਆ ਹੁੰਦਾ। ਟਰੰਪ ਨੇ ਆਪਣੇ ਸਹਿਯੋਗੀਆਂ, ਖਾਸ ਕਰਕੇ ਇਜ਼ਰਾਈਲ ਅਤੇ ਖਾੜੀ ਦੇਸ਼ਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਉਹ ਬਹੁਤ ਹੀ ਸਹਿਯੋਗੀ ਰਹੇ ਹਨ, ਅਤੇ ਅਸੀਂ ਉਨ੍ਹਾਂ ਨੂੰ ਕਿਸੇ ਵੀ ਸਥਿਤੀ ਵਿੱਚ ਨਹੀਂ ਛੱਡਾਂਗੇ। ਟਰੰਪ ਨੇ ਇਹ ਵੀ ਕਿਹਾ ਕਿ ਇਰਾਨ ਨੇ ਵਾਰ-ਵਾਰ ਇਨ੍ਹਾਂ ਦੇਸ਼ਾਂ 'ਤੇ ਹਮਲਾ ਕੀਤਾ ਹੈ, ਅਤੇ ਇਸੇ ਲਈ ਇਰਾਨ ਕੋਲ ਕਦੇ ਵੀ ਪ੍ਰਮਾਣੂ ਹਥਿਆਰ ਨਹੀਂ ਹੋਣੇ ਚਾਹੀਦੇ। ਟਰੰਪ ਨੇ ਇੱਕ ਵਾਰ ਫਿਰ ਇਰਾਨ ਵਿਰੁੱਧ ਲੜਾਈ ਵਿੱਚ ਹਿੱਸਾ ਨਾ ਲੈਣ ਲਈ ਸਹਿਯੋਗੀਆਂ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇਸ਼ਾਂ ਨੂੰ ਹੁਣ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਆਪਣੀਆਂ ਤੇਲ ਦੀਆਂ ਜ਼ਰੂਰਤਾਂ ਲਈ ਇਸ ਰਸਤੇ 'ਤੇ ਨਿਰਭਰ ਨਹੀਂ ਹੈ, ਇਸ ਲਈ ਉਹ ਇਸ ਨੂੰ ਖੋਲ੍ਹਣ ਦੀ ਜ਼ਿੰਮੇਵਾਰੀ ਨਹੀਂ ਲਵੇਗਾ।

# ਸੱਭ ਤੋਂ ਵੱਡੀ ਮੁਕੱਦਮੇਬਾਜ਼ ਹੈ ਕੇਂਦਰ ਸਰਕਾਰ : ਸੁਪਰੀਮ ਕੋਰਟ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸੱਭ ਤੋਂ ਵੱਡੀ ਮੁਕੱਦਮੇਬਾਜ਼ ਕਿਹਾ ਹੈ ਅਤੇ ਇਸ ਕਾਰਨ ਹੀ ਅਦਾਲਤਾਂ ਵਿਚ ਮੁਕੱਦਮਿਆਂ ਦਾ ਬੋਝ ਵਧਦਾ ਹੈ। ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਵਿਰੁਧ ਕੇਂਦਰ ਸਰਕਾਰ ਦੀ ਅਪੀਲ ਰੱਦ ਕਰਦਿਆਂ ਇਹ ਟਿੱਪਣੀ ਕੀਤੀ ਹੈ। ਸਰਕਾਰ ਨੇ ਹਾਈ ਕੋਰਟ ਦੇ ਉਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿਤੀ ਸੀ, ਜਿਸ ਵਿਚ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐਸਐਫ) ਦੇ ਇਕ ਅਧਿਕਾਰੀ ਨੂੰ ਨੌਕਰੀ ਤੋਂ ਹਟਾਏ ਜਾਣ ਦੇ ਫ਼ੈਸਲੇ ਨੂੰ ਰੱਦ ਕਰ ਦਿਤਾ ਸੀ ਅਤੇ 25 ਫ਼ੀਸਦ ਬਕਾਇਆ ਵੇਤਨ ਦਾ ਭੁਗਤਾਨ ਕਰਨ ਦਾ ਆਦੇਸ਼ ਦਿਤਾ ਸੀ। ਜਸਟਿਸ ਬੀ.ਵੀ. ਨਾਗਰਤਨਾ ਅਤੇ ਉੱਜਲ ਭੁਈਆਂ ਦੇ ਬੈਂਚ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਸਹੀ ਠਹਿਰਾਉਂਦਿਆਂ ਸਰਕਾਰ ਅਤੇ ਹੋਰਨਾਂ ਦੀ ਅਪੀਲ ਨੂੰ ਰੱਦ ਕਰ ਦਿਤਾ ਅਤੇ 25 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ। ਬੈਂਚ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਕੇਂਦਰ ਸਰਕਾਰ ਨੂੰ ਝਾੜ ਪਾਉਂਦਿਆਂ ਕਿਹਾ ਕਿ ਆਖ਼ਰ ਇਸ ਮਾਮਲੇ ਨੂੰ ਚੁਣੌਤੀ ਦੇਣ ਦੀ ਕੀ ਜ਼ਰੂਰਤ ਹੈ। ਜਸਟਿਸ ਨਾਗਰਤਨਾ ਨੇ ਕਿਹਾ ਕਿ 'ਸਾਡੀ ਸਮਝ ਵਿਚ ਇਹ ਨਹੀਂ ਆ ਰਿਹਾ ਕਿ ਕੇਂਦਰ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਕਿਉਂ ਦਿਤੀ ਹੈ। ਅਸੀਂ ਹਮੇਸ਼ਾ ਮੁਕੱਦਮਿਆਂ ਦੇ ਬੋਝ ਦੀ ਗੱਲ ਕਰਦੇ ਹਾਂ ਪਰ ਸੱਭ ਤੋਂ ਵੱਧ ਮੁਕੱਦਮੇ ਕੌਣ ਲੜਦਾ ਹੈ?

ਜੁਰਮਾਨਾ ਲਗਾਇਆ ਜਾਣਾ ਚਾਹੀਦਾ ਹੈ।'' ਉਨ੍ਹਾਂ ਇਹ ਵੀ



ਕਿਹਾ ਕਿ 'ਅਜਿਹਾ ਕਿਉਂ ਨਹੀਂ ਸੋਚਿਆ ਜਾ ਸਕਦਾ ਕਿ ਜੇਕਰ ਹਾਈ ਕੋਰਟ ਨੇ ਅਧਿਕਾਰੀ ਨੂੰ ਦਿਤੀ ਗਈ ਸਜ਼ਾ (ਨੌਕਰੀ ਤੋਂ ਹਟਾਉਣ ਦੀ ਸਜ਼ਾ) ਨੂੰ ਬਹੁਤ ਜ਼ਿਆਦਾ ਮੰਨਿਆ ਅਤੇ ਸਾਰੇ ਆਦੇਸ਼ਾਂ ਨੂੰ ਰੱਦ ਕਰਕੇ ਰਾਹਤ ਦਿਤੀ, ਤਾਂ ਅਜਿਹੇ ਮਾਮਲੇ ਵਿਚ ਸੁਪਰੀਮ ਕੋਰਟ ਨਹੀਂ ਲਿਜਾਣਾ ਚਾਹੀਦਾ। ਜਸਟਿਸ ਨਾਗਰਤਨਾ ਨੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਮੁਕੱਦਮਿਆਂ ਵਿਚ ਸੱਭ ਤੋਂ ਵੱਡੀ ਪੱਖਪਾਤੀ ਹੈ, ਜਿਸ ਕਾਰਨ ਅਦਾਲਤ ਵਿਚ ਮੁਕੱਦਮਿਆਂ ਦਾ ਭਾਰੀ ਬੋਝ ਵੱਧ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿਚ ਇਕ ਕਾਨੂੰਨੀ ਰਾਏ ਹੋਣੀ ਚਾਹੀਦੀ ਹੈ ਕਿ ਜੇਕਰ ਹਾਈ ਕੋਰਟ ਨੇ ਕਿਸੇ ਸਜ਼ਾ ਨੂੰ ਗ਼ਲਤ ਪਾਇਆ ਹੈ ਅਤੇ ਆਦੇਸ਼ਾਂ ਨੂੰ ਰੱਦ ਕਰਕੇ ਰਾਹਤ ਦਿਤੀ ਹੈ ਤਾਂ ਉਸ ਮਾਮਲੇ ਨੂੰ ਸੁਪਰੀਮ ਕੋਰਟ ਤੱਕ ਨਹੀਂ ਲਿਜਾਣਾ ਚਾਹੀਦਾ। ਜਸਟਿਸ ਨਾਗਰਤਨਾ ਨੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਵਲੋਂ ਕਰਵਾਈ ਕਾਨਫ਼ਰੰਸ ਵਿਚ ਦਿਤੇ ਅਪਣੇ ਹਾਲੀਆ ਬਿਆਨ ਦਾ ਜ਼ਿਕਰ ਕੀਤਾ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਮੁਕੱਦਮਿਆਂ ਦੇ ਬੋਝ ਲਈ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਐਸਸੀਬੀਏ ਕਾਨਫ਼ਰੰਸ ਨੂੰ ਬਹੁਤ ਗੰਭੀਰਤਾ ਨਾਲ ਲਿਆ ਸੀ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੇ ਹੋਰਾਂ ਵਲੋਂ ਮਾਮਲੇ ਵਿਚ ਦਾਖ਼ਲ ਅਪੀਲ ਰੱਦ ਕਰ ਦਿਤੀ।

# ਦਿੱਲੀ ਤੋਂ ਵਾਪਸੀ ਦੌਰਾਨ ਭਿਆਨਕ ਹਾਦਸਾ: ਕਾਂਗਰਸੀ ਆਗੂ ਖੁਸ਼ਬਾਜ ਸਿੰਘ ਜਟਾਣਾ ਦੀ ਸੜਕ ਹਾਦਸੇ 'ਚ ਮੌਤ

**ਚੰਡੀਗੜ੍ਹ।** ਪੰਜਾਬ ਕਾਂਗਰਸ ਲਈ ਇੱਕ ਦੁੱਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਤਲਵੰਡੀ ਸਾਬੋ ਨਾਲ ਸੰਬੰਧਿਤ ਕਾਂਗਰਸੀ ਆਗੂ ਖੁਸ਼ਬਾਜ ਸਿੰਘ ਜਟਾਣਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਉਹ ਦਿੱਲੀ ਤੋਂ ਵਾਪਸ ਆ ਰਹੇ ਸਨ। ਹਾਦਸੇ ਵਿੱਚ ਉਨ੍ਹਾਂ ਦੇ ਕਾਰ ਡਰਾਈਵਰ ਪਰਮਿੰਦਰ ਸਿੰਘ ਦੀ ਵੀ ਮੌਕੇ 'ਤੇ ਹੀ ਜਾਨ ਚਲੀ ਗਈ, ਜਦਕਿ ਗੰਨਮੈਨ ਕਰਨਦੀਪ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ। ਮਿਲੀ ਜਾਣਕਾਰੀ ਅਨੁਸਾਰ, ਇਹ ਦੁਰਘਟਨਾ ਸੋਨੀਪਤ ਨੇੜੇ ਈਸਟਰਨ ਪੈਰੀਫੇਰਲ ਐਕਸਪ੍ਰੈਸਵੇ 'ਤੇ ਜਖੌਲੀ ਟੋਲ ਪਲਾਜ਼ਾ ਕੋਲ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਗੱਡੀ ਦਾ ਟਾਇਰ ਪੈਂਚਰ ਹੋਣ ਕਾਰਨ ਉਹ ਰਸਤੇ ਵਿੱਚ ਰੁਕੇ ਹੋਏ ਸਨ। ਇਸ ਦੌਰਾਨ ਇੱਕ ਤੇਜ਼



ਰਫ਼ਤਾਰ ਟਰੱਕ ਨੇ ਉਨ੍ਹਾਂ ਦੀ ਡਿਫੈਂਡਰ ਕਾਰ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਨਾਲ ਇਹ ਭਿਆਨਕ ਹਾਦਸਾ ਵਾਪਰਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵੇਂ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਤੋਂ ਬਾਅਦ ਸੋਨੀਪਤ ਪੁਲਿਸ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਕਾਰਵਾਈ ਸ਼ੁਰੂ ਕੀਤੀ। ਦੋਵੇਂ ਮ੍ਰਿਤਕਾਂ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀਆਂ ਗਈਆਂ ਹਨ। ਪੁਲਿਸ ਅਨੁਸਾਰ ਹਾਦਸੇ ਤੋਂ ਬਾਅਦ ਟਰੱਕ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਹੈ, ਜਿਸ ਦੀ ਤਲਾਸ਼ ਜਾਰੀ ਹੈ ਅਤੇ ਜਲਦੀ ਗ੍ਰਿਫ਼ਤਾਰੀ ਦੀ ਗੱਲ ਕਹੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਖੁਸ਼ਬਾਜ ਸਿੰਘ ਜਟਾਣਾ ਪੰਜਾਬ ਕਾਂਗਰਸ ਦੇ ਸਰਗਰਮ ਆਗੂ ਰਹੇ ਹਨ ਅਤੇ 2022 ਦੀ ਵਿਧਾਨ ਸਭਾ ਚੋਣ ਵੀ ਲੜ ਚੁੱਕੇ ਸਨ।

## ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਵੱਡੀ ਗਿਰਾਵਟ, ਜਾਣੋ ਹੁਣ ਦੀਆਂ ਤਾਜ਼ਾ ਕੀਮਤਾਂ

**ਨਵੀਂ ਦਿੱਲੀ।** ਅੱਜ ਸੋਨੇ ਅਤੇ ਚਾਂਦੀ ਦੇ ਬਾਜ਼ਾਰਾਂ ਵਿੱਚ ਕਾਫ਼ੀ ਗਿਰਾਵਟ ਦੇਖਣ ਨੂੰ ਮਿਲੀ ਹੈ, ਜਿਸ ਨਾਲ ਨਿਵੇਸ਼ਕ ਅਤੇ ਖਰੀਦਦਾਰ ਦੋਹਾਂ ਚਿੰਤਿਤ ਹੋ ਗਏ ਹਨ। 24 ਕੈਰੇਟ ਸੋਨੇ ਦੀ ਕੀਮਤ ਮਲਟੀ ਕਮੋਡਿਟੀ ਐਕਸਚੇਂਜ 'ਤੇ 3,333 ਰੁਪਏ ਦੀ ਕਮੀ ਨਾਲ 1,50,375 ਰੁਪਏ ਪ੍ਰਤੀ 10 ਗ੍ਰਾਮ ਹੋ ਗਈ, ਜਦਕਿ ਚਾਂਦੀ ਦੀ ਕੀਮਤ 13,037 ਰੁਪਏ ਘਟ ਕੇ 2,30,464 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ। ਇਸ ਦੌਰਾਨ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨਾ ਲਗਭਗ 4,695.72 ਡਾਲਰ ਪ੍ਰਤੀ ਔਂਸ 'ਤੇ ਵਪਾਰ ਕਰ ਰਿਹਾ ਹੈ, ਜੋ ਕਿ ਮੌਜੂਦਾ ਬਾਜ਼ਾਰ ਵਿੱਚ ਕੁਝ ਕਮਜ਼ੋਰੀ ਨੂੰ



ਦਰਸਾਉਂਦਾ ਹੈ।22- ਅਤੇ 18-ਕੈਰੇਟ ਸੋਨੇ ਦੀਆਂ ਅੱਜ ਦੀਆਂ ਦਰਾਂ ਵੀ ਵੱਖ-ਵੱਖ ਘਟ ਗਈਆਂ ਹਨ। 22-ਕੈਰੇਟ ਸੋਨਾ ਲਗਭਗ 1,37,800 ਰੁਪਏ ਪ੍ਰਤੀ 10 ਗ੍ਰਾਮ ਅਤੇ 18-ਕੈਰੇਟ ਸੋਨਾ ਲਗਭਗ 1,12,700 ਰੁਪਏ ਪ੍ਰਤੀ 10 ਗ੍ਰਾਮ ਹੋ ਗਿਆ ਹੈ। ਮਾਹਿਰਾਂ ਦੇ ਅਨੁਸਾਰ, ਇਸ ਗਿਰਾਵਟ ਦੇ ਪਿੱਛੇ ਡਾਲਰ ਦੀ ਮਜ਼ਬੂਤੀ, ਵਿਸ਼ਵ ਬਾਜ਼ਾਰ ਦੇ ਸੰਕੇਤ ਅਤੇ ਨਿਵੇਸ਼ਕਾਂ ਦੁਆਰਾ ਮੁਨਾਫਾ ਵਸੂਲੀ ਕਾਰਨ ਹਨ। ਹਾਲ ਹੀ ਵਿੱਚ ਕੀਮਤਾਂ ਵਿੱਚ ਵਾਧੇ ਤੋਂ ਬਾਅਦ ਇਹ ਬਾਜ਼ਾਰ ਵਿੱਚ ਕੁਝ ਸੁਧਾਰ ਨੂੰ ਵੀ ਦਰਸਾਉਂਦਾ ਹੈ। ਇਸ ਮੌਕੇ ਨੂੰ ਕਈ ਖਰੀਦਦਾਰ ਵਿਆਹ ਅਤੇ ਤਿਉਹਾਰਾਂ ਦੇ ਸੀਜ਼ਨ ਤੋਂ ਪਹਿਲਾਂ ਖਰੀਦਦਾਰੀ ਦਾ ਚੰਗਾ ਮੌਕਾ ਮੰਨ ਰਹੇ ਹਨ। ਹਾਲਾਂਕਿ, ਮਾਰਕੀਟ ਹਾਲਾਤ ਅਸਥਿਰ ਹਨ, ਇਸ ਲਈ ਮਾਹਿਰਾਂ ਦੀ ਸਲਾਹ ਲੈਣਾ ਅਤੇ ਸੋਚ-ਵਿਚਾਰ ਕੇ ਨਿਵੇਸ਼ ਕਰਨ ਦੀ ਸਿਫ਼ਾਰਸ਼ ਕੀਤੀ ਜਾ ਰਹੀ ਹੈ। ਇਸ ਤਰ੍ਹਾਂ, ਇਸ ਸਮੇਂ ਕੀਮਤਾਂ ਘਟਣ ਦੇ ਨਾਲ ਨਿਵੇਸ਼ਕਾਂ ਲਈ ਸੋਨੇ ਅਤੇ ਚਾਂਦੀ ਖਰੀਦਣ ਦੇ ਸੰਭਾਵਿਤ ਮੌਕੇ ਬਣ ਸਕਦੇ ਹਨ।

## ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਪੰਜਾਬ ਦੀਆਂ 85 ਨਦੀਆਂ 'ਤੇ ਗਾਰ ਕੱਢਣ ਦਾ ਅਮਲ ਰੋਕਿਆ

**ਚੰਡੀਗੜ੍ਹ।** ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਨੇ ਪੰਜਾਬ ਸਰਕਾਰ ਵੱਲੋਂ ਨਦੀਆਂ ਵਿੱਚੋਂ ਗਾਰ ਕੱਢਣ ਦੀ ਚਲਾਈ ਜਾ ਰਹੀ ਮੁਹਿੰਮ ਨੂੰ ਆਪਣੀ ਜਾਂਚ ਦੇ ਘੇਰੇ ਵਿੱਚ ਲੈ ਲਿਆ ਹੈ। ਟ੍ਰਿਬਿਊਨਲ ਨੇ ਸੂਬੇ ਦੀਆਂ 85 ਨਦੀਆਂ ਤੇ ਦਰਿਆਈ ਥਾਵਾਂ 'ਤੇ ਚੱਲ ਰਹੇ ਕੰਮ 'ਤੇ ਤੁਰੰਤ ਰੋਕ ਲਗਾ ਦਿੱਤੀ ਹੈ। ਇਹ ਹੁਕਮ ਉਨ੍ਹਾਂ ਦੋਸ਼ਾਂ ਤੋਂ ਬਾਅਦ ਆਇਆ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਗਾਰ ਕੱਢਣ (ਡਿਸਿਲਟਿੰਗ) ਦੇ ਨਾਂ 'ਤੇ ਵੱਡੇ ਪੱਧਰ 'ਤੇ ਰੇਤ ਅਤੇ ਬਜਰੀ ਦੀ ਵਪਾਰਕ ਮਾਈਨਿੰਗ ਕੀਤੀ ਜਾ ਰਹੀ ਹੈ। ਅਦਾਲਤ ਦੇ ਇਸ ਫੈਸਲੇ ਨੇ ਸਰਕਾਰ ਦੀ ਉਸ ਮੁਹਿੰਮ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ ਜਿਸ ਨੂੰ ਹੜ੍ਹਾਂ ਦੇ ਖ਼ਤਰੇ ਨੂੰ ਘੱਟ ਕਰਨ ਦੇ ਨਾਂ 'ਤੇ ਸ਼ੁਰੂ ਕੀਤਾ ਗਿਆ ਸੀ। ਸ਼ਿਕਾਇਤਾਂ ਵਿੱਚ ਦੱਸਿਆ ਗਿਆ ਸੀ ਕਿ ਡਿਸਿਲਟਿੰਗ ਦੀ ਆੜ ਵਿੱਚ ਨਦੀਆਂ ਦੇ ਤਲ ਤੋਂ ਰੇਤ ਕੱਢੀ ਜਾ ਰਹੀ ਹੈ, ਜੋ ਕਿ ਵਾਤਾਵਰਨ ਦੇ ਨਿਯਮਾਂ ਦੀ ਸਿੱਧੀ ਉਲੰਘਣਾ ਹੈ। ਐਨਜੀਟੀ ਨੇ ਹੁਣ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇਹ ਅਭਿਆਸ ਅਸਲ ਵਿੱਚ ਨਦੀ ਦੀ ਸਫ਼ਾਈ ਲਈ ਸੀ ਜਾਂ ਫਿਰ ਗੈਰ-ਕਾਨੂੰਨੀ ਮਾਈਨਿੰਗ ਨੂੰ ਉਤਸ਼ਾਹਿਤ ਕਰਨ ਲਈ ਇੱਕ ਲੁਕਿਆ ਹੋਇਆ ਤਰੀਕਾ ਸੀ। ਇਸ ਰੋਕ ਕਾਰਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਦੀਆਂ ਦੇ ਕੰਢਿਆਂ 'ਤੇ ਚੱਲ ਰਹੀਆਂ ਮਸ਼ੀਨਾਂ ਠੱਪ ਹੋ ਗਈਆਂ ਹਨ। ਟ੍ਰਿਬਿਊਨਲ ਨੇ ਸਬੰਧਤ ਅਧਿਕਾਰੀਆਂ ਤੋਂ ਇਸ ਬਾਰੇ ਰਿਪੋਰਟ ਮੰਗੀ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਵਾਤਾਵਰਣ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਹੁਣ ਅਗਲੀ ਸੁਣਵਾਈ ਤੱਕ ਇਨ੍ਹਾਂ 85 ਸਥਾਨਾਂ 'ਤੇ ਕਿਸੇ ਵੀ ਤਰ੍ਹਾਂ ਦੀ ਖੁਦਾਈ ਜਾਂ ਸਫ਼ਾਈ ਦਾ ਕੰਮ ਨਹੀਂ ਹੋ ਸਕੇਗਾ। ਇਸ ਫੈਸਲੇ ਨਾਲ ਸੂਬੇ ਵਿੱਚ ਰੇਤ ਦੀ ਸਪਲਾਈ ਅਤੇ ਕੀਮਤਾਂ 'ਤੇ ਵੀ ਅਸਰ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਟ੍ਰਿਬਿਊਨਲ ਨੇ ਕਈ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਇਸ ਦਾ ਗੱਲ ਦਾ ਨੋਟਿਸ ਲਿਆ ਕਿ ਪੰਜਾਬ ਦੇ ਜਲ ਸਰੋਤ ਵਿਭਾਗ ਨੇ ਡੀਸਿਲਟਿੰਗ ਪ੍ਰਾਜੈਕਟਾਂ ਲਈ ਟੈਂਡਰ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚ ਘੱਗਰ, ਸਤਲੁਜ, ਰਾਵੀ, ਬਿਆਸ, ਸਿਸਵਾਂ ਅਤੇ ਸਰਸਾ ਸਮੇਤ ਵੱਖ-ਵੱਖ ਦਰਿਆਵਾਂ ਵਿੱਚੋਂ ਲਗਪਗ 187.14 ਕਰੋੜ ਕਿਊਬਿਕ ਫੁੱਟ ਗਾਰ (ਸਿਲਟ) ਕੱਢਣਾ ਸ਼ਾਮਲ ਹੈ। ਇਹ ਪ੍ਰਾਜੈਕਟ ਐੱਸ ਏ ਐੱਸ ਨਗਰ (ਮੁਹਾਲੀ), ਰੋਪੜ, ਜਲੰਧਰ, ਲੁਧਿਆਣਾ, ਪਠਾਨਕੋਟ, ਹੁਸ਼ਿਆਰਪੁਰ ਅਤੇ ਮਾਨਸਾ ਆਦਿ ਕਈ ਜ਼ਿਲ੍ਹਿਆਂ ਵਿੱਚ ਫੈਲੇ ਹੋਏ ਹਨ। ਗ੍ਰਾਮ ਪੰਚਾਇਤਾਂ ਅਤੇ ਕਈ ਵਿਅਕਤੀਆਂ ਸਮੇਤ ਅਰਜ਼ੀਕਾਰਾਂ ਨੇ ਇਹ ਦੋਸ਼ ਲਾਉਂਦਿਆਂ ਟੈਂਡਰਾਂ ਨੂੰ ਚੁਣੌਤੀ ਦਿੱਤੀ ਸੀ ਕਿ ਸੂਬਾ ਸਰਕਾਰ ਰੇਤ ਅਤੇ ਬੱਜਰੀ ਵਰਗੇ ਮਾਮੂਲੀ ਖਣਿਜਾਂ ਦੀ ਵਪਾਰਕ ਨਿਕਾਸੀ ਦੀ ਸਹੂਲਤ ਲਈ ਡੀਸਿਲਟਿੰਗ (ਗਾਰ ਕੱਢਣ) ਸ਼ਬਦ ਦੀ ਵਰਤੋਂ ਕਰ ਰਹੀ ਹੈ। ਉਨ੍ਹਾਂ ਮੁਤਾਬਕ ਟੈਂਡਰਾਂ ਦਾ ਪੈਮਾਨਾ, ਵਿੱਤੀ ਢਾਂਚਾ ਅਤੇ ਲਾਗੂ ਕਰਨ ਦਾ ਮਾਡਲ ਇਹ ਦਰਸਾਉਂਦਾ ਹੈ ਕਿ ਇਹ ਹੜ੍ਹ ਕੰਟਰੋਲ ਦਾ ਅਸਲ ਉਪਾਅ ਹੋਣ ਦੀ ਬਜਾਏ ਮਾਲੀਆ ਵਧਾਉਣ ਵਾਲੀ ਕਾਰਵਾਈ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੱਛਮੀ ਬੰਗਾਲ 'ਚ ਵੋਟਰ ਲਿਸਟ ਤੋਂ ਨਾਮ ਕੱਟਣ 'ਤੇ ਹੰਗਾਮਾ, 7 ਜੁਡੀਸ਼ੀਅਲ ਅਫ਼ਸਰਾਂ ਨੂੰ 9 ਘੰਟੇ ਬਣਾਇਆ ਬੰਧਕ

**ਨਵੀਂ ਦਿੱਲੀ।** ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਵਿੱਚ ਵੋਟਰ ਸੂਚੀ ਵਿੱਚੋਂ ਨਾਮ ਕੱਟੇ ਜਾਣ ਤੋਂ ਨਾਰਾਜ਼ ਲੋਕਾਂ ਨੇ 7 ਨਿਆਇਕ ਅਧਿਕਾਰੀਆਂ (Juidical Oifficers) ਨੂੰ 9 ਘੰਟੇ ਤੋਂ ਵੱਧ ਸਮੇਂ ਤੱਕ ਬੰਧਕ ਬਣਾ ਕੇ ਰੱਖਿਆ। ਇਸ ਘਟਨਾ ਵਿੱਚ ਤਿੰਨ ਮਹਿਲਾ ਅਧਿਕਾਰੀ ਵੀ ਸ਼ਾਮਲ ਸਨ। ਅਰਧ ਸੈਨਿਕ ਬਲਾਂ ਦੀ ਟੁਕੜੀ ਨੇ ਦੇਰ ਰਾਤ ਮੌਕੇ 'ਤੇ ਪਹੁੰਚ ਕੇ ਇਨ੍ਹਾਂ ਅਧਿਕਾਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਸੁਪਰੀਮ ਕੋਰਟ ਨੇ ਇਸ ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਸੂਬਾ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਜ਼ੋਰਦਾਰ ਫਿਟਕਾਰ ਲਗਾਈ ਹੈ। ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਦੇ ਡੀਜੀਪੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਤੋਂ ਜਵਾਬ ਮੰਗਿਆ ਹੈ ਕਿ ਉਨ੍ਹਾਂ ਦੀ



'ਨਿਸ਼ਕਿਰਿਆ' (Inaciton) ਲਈ ਉਨ੍ਹਾਂ ਵਿਰੁੱਧ ਕਾਰਵਾਈ ਕਿਉਂ ਨਾ ਕੀਤੀ ਜਾਵੇ। ਅਦਾਲਤ ਨੇ ਕਿਹਾ ਕਿ ਇਹ ਡਿਊਟੀ ਤੋਂ ਮੂੰਹ ਮੋੜਨ ਦੇ ਬਰਾਬਰ ਹੈ। ਜਸਟਿਸ ਸੂਰਿਆ ਕਾਂਤ ਨੇ ਕਿਹਾ, "ਅਸੀਂ ਜੁਡੀਸ਼ੀਅਲ ਅਫ਼ਸਰਾਂ 'ਤੇ ਹੋਣ ਵਾਲੇ ਅਜਿਹੇ ਮਨੋਵਿਗਿਆਨਕ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰਾਂਗੇ। ਪੱਛਮੀ ਬੰਗਾਲ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਚਰਮਰਾ ਗਈ ਹੈ।"

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਉੱਤਰੀ ਇੰਡੋਨੇਸ਼ੀਆ ਦੇ ਜਲਖੇਤਰ ਵਿਚ ਭੂਚਾਲ ਨਾਲ ਉਠੀਆਂ ਸੁਨਾਮੀ ਦੀਆਂ ਲਹਿਰਾਂ



**ਜਕਾਰਤਾ:** ਇੰਡੋਨੇਸ਼ੀਆ ਦੇ ਜਲਖੇਤਰ ਵਿਚ ਵੀਰਵਾਰ ਨੂੰ ਆਏ ਭੂਚਾਲ ਨਾਲ ਸੁਨਾਮੀ ਦੀਆਂ ਲਹਿਰਾਂ ਉਠੀਆਂ, ਜਿਸ ਨਾਲ ਇੱਕ ਔਰਤ ਦੀ ਮੌਤ ਹੋ ਗਈ ਅਤੇ ਘਰਾਂ ਤੇ ਇਮਾਰਤਾਂ ਨੂੰ ਨੁਕ-ਸਾਨ ਪਹੁੰਚਿਆ। ਅਮਰੀਕੀ ਭੂ-ਵਿਗਿਆਨਿਕ ਸਰਵੇਖਣ ਦੇ ਅਨੁਸਾਰ ਰਿਕਟਰ ਪੈਮਾਨੇ ਤੇ ਭੂਚਾਲ ਦੀ ਤੇਜੀ 7.4 ਸੀ ਅਤੇ ਇਸ ਦਾ ਕੇਂਦਰ ਮੋਲੂਕਾ ਸਾਗਰ ਵਿੱਚ 35 ਕਿਲੋਮੀਟਰ ਦੀ ਗਹਿਰਾਈ 'ਤੇ ਸੀ। ਇੰਡੋਨੇਸ਼ੀਆ ਦੀ ਮੌਸਮ ਵਿਗਿਆਨ, ਜਲਵਾਯੂ ਵਿਗਿਆਨ ਅਤੇ ਭੂਭੌਤਿਕੀ ਏਜੰਸੀ ਦੇ ਅਨੁਸਾਰ, ਭੂਚਾਲ ਦੇ ਅੱਧੇ ਘੰਟੇ ਤੋਂ ਵੀ ਘੱਟ ਸਮੇਂ ਵਿਚ ਕਈ ਨਿਗਰਾਨੀ ਕੇਂਦਰਾਂ ਵਿੱਚ ਸੁਨਾਮੀ ਦੀਆਂ ਲਹਿਰਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਬਿਟੂੰਗ ਵਿੱਚ 8 ਇੰਚ ਅਤੇ ਪੱਛਮੀ ਹਲਮਾਹੇਰਾ ਵਿੱਚ ਇੱਕ ਫੁੱਟ ਉੱਚੀਆਂ ਲਹਿਰਾਂ ਸ਼ਾਮਲ ਹਨ। ਇੰਡੋਨੇਸ਼ੀਆ ਦੀ ਆਫ਼ਤ ਪ੍ਰਬੰਧਨ ਏਜੰਸੀ ਦੇ ਅਨੁਸਾਰ ਉੱਤਰੀ ਸੁਲਾਵੇਸੀ ਪ੍ਰਾਂਤ ਦੇ ਤਟਵਰਤੀ ਸ਼ਹਿਰ ਬਿਟੂੰਗ ਅਤੇ ਆਲੇ-ਦੁਆਲੇ ਦੇ ਇਲਾਕਿਆਂ ਨਾਲ-ਨਾਲ ਪੜੋਸੀ ਪ੍ਰਾਂਤ ਉੱਤਰੀ ਮਲੂਕੂ ਦੇ ਟੇਰਨੇਟ ਸ਼ਹਿਰ ਵਿੱਚ 10 ਤੋਂ 20 ਸਕਿੰਟ ਤੱਕ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਪ੍ਰਾਰੰਭਿਕ ਅਨੁਮਾਨ ਤੋਂ ਪਤਾ ਲੱਗਾ ਹੈ ਕਿ ਟੇਰਨੇਟ ਦੇ ਕੁਝ ਹਿੱਸਿਆਂ ਵਿਚ ਨੁਕਸਾਨ ਹੋਇਆ ਹੈ। ਸਥਾਨਕ ਆਫ਼ਤ ਪ੍ਰਬੰਧਨ ਅਧਿਕਾਰੀਆਂ ਨੇ ਦੱਸਿਆ ਕਿ ਬਟਾਂਗ ਦੁਆ ਟਾਪੂ ਜ਼ਿਲ੍ਹੇ ਵਿੱਚ ਇੱਕ ਗਿਰਜਾਘਰ ਪ੍ਰਭਾਵਿਤ ਹੋਇਆ ਹੈ ਅਤੇ ਦੱਖਣੀ ਟੇਰਨੇਟ ਵਿੱਚ ਦੋ ਘਰ ਖ਼ਰਾਬ ਹੋਏ ਹਨ। ਬਿਟੂੰਗ ਵਿੱਚ ਨੁਕਸਾਨ ਦਾ ਅਨੁਮਾਨ ਅਜੇ ਜਾਰੀ ਹੈ। ਇੰਡੋਨੇਸ਼ੀਆ ਦੀ ਖੋਜ ਅਤੇ ਬਚਾਅ ਏਜੰਸੀ ਨੇ ਦੱਸਿਆ ਕਿ ਉੱਤਰੀ ਸੁਲਾਵੇਸੀ ਦੇ ਮਿਨਾਹਾਸਾ ਜ਼ਿਲ੍ਹੇ ਵਿੱਚ 70 ਸਾਲਾ ਮਹਿਲਾ ਦੀ ਮੌਤ ਹੋ ਗਈ ਅਤੇ ਇੱਕ ਹੋਰ ਨਿਵਾਸੀ ਜ਼ਖ਼ਮੀ ਹੋ ਗਿਆ। ਆਫ਼ਤ ਪ੍ਰਬੰਧਨ ਏਜੰਸੀ ਨੇ ਕਿਹਾ, ''ਇਸ ਸਮੇਂ ਖ਼ਾਸਕਰ ਤਟਵਰਤੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਾਵਧਾਨੀ ਬਰਤਣ ਦੀ ਲੋੜ ਹੈ ।'' ਭੂਚਾਲ ਤੋਂ ਬਾਅਦ ਸਮੁੰਦਰੀ ਤਟ ਤੋਂ ਦੂਰ ਘੱਟੋ-ਘੱਟ ਦੋ ਝਟਕੇ ਹੋਰ ਮਹਿਸੂਸ ਕੀਤੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਦੋਵੇਂ ਝਟਕਿਆਂ ਨਾਲ ਸੁਨਾਮੀ ਦਾ ਖ਼ਤਰਾ ਨਹੀਂ ਹੈ।

# ਤੇਜ਼ ਰਫ਼ਤਾਰ ਪਿਕਅਪ ਦੀ ਟੱਕਰ ਨਾਲ ਮਾਂ ਤੇ ਮਾਸੂਮ ਬੇਟੇ ਦੀ ਮੌਤ

**ਮੋਗਾ :** ਮੋਗਾ ਜ਼ਿਲ੍ਹੇ ਦੇ ਨਿਹਾਲ ਸਿੰਘ ਵਾਲਾ ਥਾਣਾ ਖੇਤਰ ਵਿਚ ਇਕ ਮਾਂ ਅਤੇ ਉਸਦੇ ਡੇਢ ਸਾਲ ਦੇ ਪੁੱਤਰ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਹ ਹਾਦਸਾ ਪੱਤੋ ਹੀਰਾ ਸਿੰਘ ਵਾਲਾ ਪਿੰਡ ਨੇੜੇ ਭਾਰਤਮਾਲਾ ਰੋਡ 'ਤੇ ਵਾਪਰਿਆ, ਜਿੱਥੇ ਇਕ ਤੇਜ਼ ਰਫ਼ਤਾਰ ਪਿਕਅੱਪ ਟਰੱਕ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿਤੀ। ਹਾਦਸੇ ਤੋਂ ਬਾਅਦ ਦੋਸ਼ੀ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ। ਸੁਖਾਨੰਦ ਪਿੰਡ ਦਾ ਵਸਨੀਕ ਗੁਰਚਰਨ ਸਿੰਘ ਅਪਣੀ ਪਤਨੀ ਜੋਤੀ ਕੌਰ, ਧੀ ਅਤੇ ਡੇਢ ਸਾਲ ਦੇ ਪੁੱਤਰ ਗੁਰਸਾਜ ਨਾਲ ਮਾਤਾ ਸਤੀ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਘਰ ਵਾਪਸ ਆ ਰਿਹਾ ਸੀ। ਜਦੋਂ ਉਹ ਪੱਤੋ ਹੀਰਾ ਸਿੰਘ ਵਾਲਾ ਪਿੰਡ ਦੇ ਨੇੜੇ ਪੁਲ 'ਤੇ ਪਹੁੰਚੇ ਤਾਂ ਇਕ ਤੇਜ਼ ਰਫ਼ਤਾਰ ਪਿਕਅੱਪ ਟਰੱਕ ਨੇ ਉਨ੍ਹਾਂ ਨੂੰ ਪਿੱਛੇ ਤੋਂ ਟੱਕਰ ਮਾਰ ਦਿਤੀ। ਟੱਕਰ ਵਿਚ ਜੋਤੀ ਕੌਰ ਅਤੇ ਉਸ ਦਾ ਪੁੱਤਰ ਗੁਰਸਾਜ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ।

# ਨਾਗਪੁਰ-ਮੁੰਬਈ ਐਕਸਪ੍ਰੈਸਵੇਅ 'ਤੇ ਟਰੱਕ-ਟੈਂਪੋ ਦੀ ਟੱਕਰ ਵਿੱਚ 8 ਔਰਤਾਂ ਦੀ ਮੌਤ






**ਮਹਾਰਾਸ਼ਟਰ।** ਮਹਾਰਾਸ਼ਟਰ ਦੇ ਜਾਲਨਾ ਜ਼ਿਲ੍ਹੇ ਵਿੱਚ ਬੁੱਧਵਾਰ ਸ਼ਾਮ ਨੂੰ ਨਾਗਪੁਰ-ਮੁੰਬਈ ਐਕਸਪ੍ਰੈਸਵੇਅ 'ਤੇ ਇੱਕ ਤੇਜ਼ ਰਫ਼ਤਾਰ ਟਰੱਕ ਨੇ ਇੱਕ ਟੈਂਪੂ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਅੱਠ ਔਰਤਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਈਆਂ। ਸਾਰੇ ਪੀੜਤ ਮਜ਼ਦੂਰ ਹਨ। ਇਹ ਹਾਦਸਾ ਕਦਵਾਂਚੀ ਪਿੰਡ ਦੇ ਨੇੜੇ ਉਸ ਸਮੇਂ ਵਾਪਰਿਆ ਜਦੋਂ ਮਹਿਲਾ ਮਜ਼ਦੂਰ ਐਕਸਪ੍ਰੈਸਵੇਅ 'ਤੇ ਸਫਾਈ ਦਾ ਕੰਮ ਖਤਮ ਕਰਕੇ ਇੱਕ ਟੈਂਪੂ ਰਾਹੀਂ ਘਰ ਵਾਪਸ ਜਾ ਰਹੀਆਂ ਸਨ। ਟੈਂਪੂ ਸਟਾਰਟ ਹੋਣ ਹੀ ਵਾਲਾ ਸੀ, ਮੁੰਬਈ ਵੱਲ ਜਾ ਰਹੇ ਇੱਕ ਟਰੱਕ ਨੇ ਉਨ੍ਹਾਂ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਟੱਕਰ ਵਿੱਚ ਟੈਂਪੂ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਲਾਸ਼ਾਂ ਸੜਕ 'ਤੇ ਖਿੰਡੀਆਂ ਹੋਈਆਂ ਸਨ। ਟੈਂਪੂ ਵਿੱਚ 11 ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਅੱਠ ਔਰਤਾਂ ਦੀਆਂ ਮ੍ਰਿਤਕਾਂ ਦੀ ਪਛਾਣ ਅਲਕਾਬਾਈ ਅਦਮਾਨੇ (45), ਲਕਸ਼ਮੀਬਾਈ ਮਦਨ (35), ਮੀਨਾ ਅਦਮਾਨੇ (45), ਕੰਚਨ ਅਦਮਾਨੇ (50), ਤਾਰਾਬਾਈ ਚੌਧਰੀ (60), ਕੜੂਬਾਈ ਮਦਨ (55) ਅਤੇ ਸੁਮਨ ਅਦਮਾਨੇ (70) ਵਜੋਂ ਹੋਈ ਹੈ। ਮ੍ਰਿਤਕਾਂ ਵਿੱਚੋਂ ਇੱਕ ਦੀ ਅਜੇ ਪਛਾਣ ਨਹੀਂ ਹੋ ਸਕੀ ਹੈ। ਪੁਲਿਸ ਨੇ ਟਰੱਕ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਭਾਰਤੀ ਦੰਡ ਸੰਹਿਤਾ (ਆਈਪੀਸੀ) ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਮਹਾਰਾਸ਼ਟਰ ਦੀ ਵਾਤਾਵਰਣ ਮੰਤਰੀ ਪੰਕਜਾ ਮੁੰਡੇ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖ਼ਮੀਆਂ ਨੂੰ ਵਿੱਤੀ ਸਹਾਇਤਾ ਦਾ ਭਰੋਸਾ ਦਿੱਤਾ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਅੱਠ ਲੋਕਾਂ ਦੀ ਮੌਤ ਬਹੁਤ ਹੀ ਮੰਦਭਾਗੀ ਸੀ। ਉਨ੍ਹਾਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਪ੍ਰੇਮ ਨਗਰ ਕਲੌਨੀ ਵਿੱਚ ਇੱਕ ਵਿਅਕਤੀ ਨੇ ਫਾਹਾ ਲਗਾ ਕਿ ਕੀਤੀ ਆਤਮ ਹੱਤਿਆ

**ਨਵਾਂਸ਼ਹਿਰ /ਕਾਠਗੜ੍ਹ 2 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਸਥਿਤ ਪ੍ਰੇਮ ਨਗਰ ਕਲੌਨੀ (ਪਿੰਡ ਆਸਰੋਂ ) ਵਿਖੇ ਇੱਕ ਵਿਅਕਤੀ ਨੇ ਆਪਣੇ ਘਰ ਵਿੱਚ ਫਾਹਾ ਲਾ ਕੇ ਜੀਵਨ ਲੀਲਾ ਖਤਮ ਕਰ ਲਈ ਆਸਰੋਂ ਪੁਲਿਸ ਵਲੋਂ ਮਿਲੀ ਜਾਣਕਾਰੀ ਅਨੁਸਾਰ ਵਰਿੰਦਰ ਪੁੱਤਰ ਰਾਮ ਪੁਕਾਰ ਜੋ ਕਿ ਪ੍ਰੇਮ ਨਗਰ ਕਲੌਨੀ ਦਾ ਰਹਿਣ ਵਾਲਾ ਹੈ। ਉਸ ਨੇ ਆਪਣੇ ਘਰ ਅੰਦਰ ਹੀ ਦਰਵਾਜ਼ਾ ਬੰਦ ਕਰਕੇ ਫ਼ਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਿਤ ਕਰ ਲਈ ਪੁਲਿਸ ਨੇ ਦੱਸਿਆ ਕਿ ਉਸ ਨੇ ਆਪਣਾ ਦਰਵਾਜ਼ਾ ਅੰਦਰੋਂ ਬੰਦ ਕੀਤਾ ਹੋਇਆ ਸੀ ਅਤੇ ਉਸ ਦੇ ਗੁਵਾਂਢ ਰਹਿਣ ਵਾਲੇ ਲੋਕਾਂ ਨੂੰ ਜਦੋਂ ਉਸਦੀ ਲਾਸ਼ ਵਿੱਚੋਂ ਬਦਬੂ ਆਉਣੀ ਸ਼ੁਰੂ ਹੋ ਤਾਂ ਉਨ੍ਹਾਂ ਨੇ ਇਸ ਬਾਰੇ ਪੰਚਾਇਤ ਨੇ ਦੱਸਿਆ ਆਸਰੋਂ ਪੁਲਿਸ ਨੂੰ ਅਤੇ ਆਸਰੋਂ ਪੁਲਿਸ ਚੌਂਕੀ ਦੇ ਇੰਨਚਾਰਜ ਸੰਦੀਪ ਸ਼ਰਮਾ ਸਮੇਤ ਪੁਲਿਸ ਪਾਰਟੀ ਮੌਕੇ ਤੇ ਪਹੁੰਚ ਗਏ ਅਤੇ ਦਰਵਾਜ਼ਾ ਤੋੜ ਕੇ ਪੁਲਿਸ ਨੇ ਜਦੋਂ ਅੰਦਰ ਦੇਖਿਆ ਤਾਂ ਅੰਦਰ ਉਸ ਦੀ ਲਾਸ਼ ਲਟਕ ਰਹੀ ਸੀ ਜਿਸ ਵਿੱਚੋਂ ਭਾਰੀ ਬਦਬੂ ਆ ਰਹੀ ਸੀ। ਪੁਲਿਸ ਨੇ ਉਸ ਦੀ ਲਾਸ਼ ਉਤਾਰ ਕੇ ਪੋਸਟਮਾਰਟਮ ਕਰਾਉਣ ਲਈ ਸਰਕਾਰੀ ਹਸਤਪਾਲ ਰੋਪੜ੍ਹ ਵਿਖੇ ਪਹੁੰਚੀਆਂ ਇਸ ਦੇ ਆਸ ਪਾਸ ਦੇ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਇਸ ਦੀ ਉਮਰ 50 ਸਾਲ ਦੇ ਕਰੀਬ ਹੈ। ਅਤੇ ਇਸ ਦੀ ਪਤਨੀ ਇਸ ਨਾਲ ਨਰਾਜ਼ ਹੋ ਕਿ ਆਪਣੇ ਪੇਕੇ ਘਰ ਗਈ ਹੋਈ ਹੈ ਅਤੇ ਉਸ ਦੇ ਬੱਚੇ ਉਸ ਦੇ ਨਾਲ ਰਹਿੰਦੇ ਹਨ ਅਤੇ ਇਹ ਇੱਥੇ ਇੱਕਲਾ ਹੀ ਰਹਿੰਦਾ ਸੀ ਜੋ ਮੂੰਗਫਲੀ ਆਦਿ ਸਮਾਨ ਵੇਚਣ ਦੀ ਰੇਹੜੀ ਲਗਾਉਂਦਾ ਸੀ। ਪੁਲਿਸ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਇਸ ਵਲੋਂ ਕੀਤੀ ਗਈ ਆਤਮ ਹੱਤਿਆ ਦਾ ਪਤਾ ਲਗਾਇਆ ਜਾਵੇਗਾ।

# ਹਿਮਾਚਲ ਐਂਟਰੀ ਟੈਕਸ ਦੇ ਨਾਂ ਤੇ ਹੋ ਰਹੀ ਭਾਰੀ ਲੁੱਟ ਵਿਰੁੱਧ ਸੰਘਰਸ਼ ਹੋਇਆ ਹੋਰ ਤੇਜ਼

## ਸ਼ਨੀਵਾਰ ਨੂੰ ਦੁਬਾਰਾ ਕੀਰਤਪੁਰ ਸਾਹਿਬ ਮਨਾਲੀ ਹਾਈਵੇ ਕੀਤਾ ਜਾਵੇਗਾ ਜਾਮ :- ਇਲਾਕਾ ਸੰਘਰਸ਼ ਕਮੇਟੀ

**ਰੂਪਨਗਰ /ਸ਼੍ਰੀ ਕੀਰਤਪੁਰ ਸਾਹਿਬ 2 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਹਿਮਾਚਲ ਐਂਟਰੀ ਟੈਕਸ ਦੇ ਨਾਂ ਤੇ ਹੋ ਰਹੇ ਧੱਕੇ ਵਿਰੁੱਧ ਨੈਸ਼ਨਲ ਹਾਈਵੇ ਨੂੰ ਕਈ ਵਾਰ ਜਾਮ ਕਰ ਚੁੱਕੇ ਹਨ ਪਰ ਇਸ ਦਾ ਸਿੱਟਾ ਨਾ ਨਿਕਲਿਆ ਜਦਕਿ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਸੀ ਕਿ ਹਿਮਾਚਲ ਐਂਟਰੀ ਟੈਕਸ ਦੇ ਟੋਲ ਰੇਟਾਂ ਵਿੱਚ ਕਿਸੇ ਪ੍ਰਕਾਰ ਦਾ ਵਾਧਾ ਨਹੀਂ ਕੀਤਾ ਜਾਵੇਗਾ ਪਰ ਫਿਰ ਹੁਣ ਇਹ ਪਰਚੀ 70 ਤੋਂ ਵਧਾ ਕੇ 100 ਰੁਪਏ ਕਰ ਦਿੱਤੀ ਹੈ ਜਿਸ ਤੇ ਭੜਕਦੇ ਹੋਏ ਜਿਲਾ ਰੂਪਨਗਰ ਦੇ ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਗੌਰਵ ਰਾਣਾ ਟੈਕਸੀ ਯੂਨੀਅਨ ਦੇ ਪ੍ਰਧਾਨ ਪ੍ਰਦੀਪ ਸਿੰਘ ਕੀਰਤੀ ਕਿਸਾਨ ਮੋਰਚਾ ਅਤੇ ਹੋਰ ਵੱਖ ਵੱਖ ਜਥੇਬੰਦੀਆਂ ਦੇ ਅਹੁਦੇਦਾਰ ਆਗੂ ਸਾਹਿਬਾਨ ਵੱਲੋਂ ਦੇਰ ਸ਼ਾਮ ਐਲਾਨ ਕੀਤਾ ਗਿਆ ਕਿ ਸ਼ਨੀਵਾਰ ਨੂੰ ਹਿਮਾਚਲ ਸਰਕਾਰ ਖਿਲਾਫ ਕੀਰਤਪੁਰ ਸਾਹਿਬ ਮਨਾਲੀ ਹਾਈਵੇ ਤੇ ਪਿੰਡ ਗੜਾਮੋੜਾ ਵਿਖੇ ਸਵੇਰ ਤੋਂ 6 ਵਜੇ ਚੱਕਾ ਜਾਮ ਕੀਤਾ ਜਾਵੇਗਾ ਜਿਸ ਦੇ ਟੈਕਸੀ ਯੂਨੀਅਨ ਅਤੇ ਟਰੱਕ ਯੂਨੀਅਨ ਇਕੱਠੇ ਹੋ ਕੇ ਇਸ ਧਰਨੇ ਵਿੱਚ ਸ਼ਾਮਿਲ ਹੋਣਗੇ ਉਨਾਂ ਦੇ ਕਿਹਾ ਕਿ ਇਹ ਸ਼ਨੀਵਾਰ ਵੱਡਾ ਐਕਸ਼ਨ ਹੋਵੇਗਾ ਤੇ ਚੇਤਾਵਨੀ ਦਿੱਤੀ



ਹੈ ਕਿ ਤੁਰੰਤ ਰੈਸੀਪਰੋਕਲ ਟੈਕਸ ਲਾਗੂ ਕਰੇ ਪੰਜਾਬ ਸਰਕਾਰ ਜਾਂ ਹਿਮਾਚਲ ਸਰਕਾਰ ਸਰਹੱਦੀ ਜਿਲ੍ਹਿਆਂ ਦੇ ਸਾਰੇ ਵਾਹਨਾਂ ਦਾ ਟੈਕਸ ਮਾਫ ਕਰੇ ਨਹੀਂ ਤਾਂ ਅਣਮਿਥੇ ਸਮੇਂ ਲਈ ਸਿੰਗਰ ਜਾਰੀ ਰਹੇਗਾ ਹੋਣਾ ਇਸ ਮੌਕੇ ਯਾਤਰੀਆਂ ਨੂੰ ਅਹਿਮ ਸੂਚਨਾ ਦਿੱਤੀ ਹੈ ਕਿ ਕੀਰਤਪੁਰ ਸਾਹਿਬ ਮਨਾਲੀ ਹਾਈਵੇ ਤੇ ਜਾਣ ਲਈ ਯਾਤਰੀ ਇਸ ਰੂਟ ਦਾ ਗੁਰੇਜਕਰਨ ਭਾਰੀ ਜਾਮ ਅਤੇ ਲੰਬੇ ਇੰਤਜ਼ਾਰ ਦੀ ਸੰਭਾਵਨਾ ਹੋ ਸਕਦੀ ਹੈ ਇਸ ਮੌਕੇ ਮਾਮਲਾ ਪੰਜਾਬ ਦੇ ਕੈਬਨਟ ਮੰਤਰੀਆਂ ਅੱਗੇ ਵੀ ਰੱਖਿਆ ਗਿਆ ਸਰਕਾਰ ਨੂੰ ਪੂਰੇ ਤਰਹਾਂ ਅਗਾਹ ਕਰ ਦਿੱਤਾ ਗਿਆ ਹੈ ਇਸ ਬਾਬਤ ਜਿਲਾ ਰੂਪਨਗਰ ਦੇ ਨਾਲ ਲੱਗਦੇ ਸਰਹੱਦੀ ਇਲਾਕਿਆਂ ਦੇ ਟੋਰ ਵੈਰੀਆਂ ਸਾਈਟ ਤੇ ਸੰਘਰਸ਼ ਚੱਲ ਰਿਹਾ ਹੈ ਕੀਰਤੀ ਕਿਸਾਨ ਮੋਰਚਾ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਸਾਹਿਬਾਨ ਹਲਕਾ ਵਿਧਾਇਕ ਸ਼੍ਰੀ ਆਨੰਦਪੁਰ ਸਾਹਿਬ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੂੰ ਵੀ ਮਿਲੇ ਹਨ।

# ਵਰਗਵਾਸੀ ਸ੍ਰੀ ਸਰਦਾਰੀ ਲਾਲ ਕਪੂਰ ਜੀ ਦੀ ਯਾਦ ਨੂੰ ਸਮਰਪਿਤ ਅਦਾਰਾ "ਫ਼ਖ਼ਰ-ਏ -ਹਿੰਦ" ਦਾ ਪਹਿਲਾ ਅੰਕ ਪ੍ਰਕਾਸ਼ਿਤ ਕਰਨ ਦੇ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਖੇਤੀਬਾੜੀ ਮੰਤਰੀ ਪੰਜਾਬ ਤੋਂ ਇਲਾਵਾ ਵੱਖ-ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਿਕ ਹਸਤੀਆਂ ਨੇ ਸੰਪਾਦਕ ਨੂੰ ਦਿੱਤੀ ਮੁਬਾਰਕਬਾਦ ਅਤੇ ਸ਼ੁਭਕਾਮਨਾਵਾਂ

**ਮਾਲੇਰਕੋਟਲਾ/ਕੋਟਕਪੂਰਾ, 2 ਅਪ੍ਰੈਲ, 2026 ( ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨੀ ਅਦਾਰਾ "ਫ਼ਖ਼ਰ-ਏ -ਹਿੰਦ" ਅਖਬਾਰ ਦੇ ਸੰਪਾਦਕ ਮੁਹੰਮਦ ਸਲਮਾਨ ਕਪੂਰ ਵੱਲੋਂ ਸਵਰਗਵਾਸੀ ਸ੍ਰੀ ਸਰਦਾਰੀ ਲਾਲ ਕਪੂਰ ਜੀ ਦੀ ਯਾਦ ਨੂੰ ਸਮਰਪਿਤ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਇਸ ਮੌਕੇ ਮਾਣਯੋਗ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਜਿੱਥੇ ਕਪੂਰ ਪ੍ਰਤਿਕਾ ਦੇ ਫਾਊਂਡਰ ਅਤੇ ਸੰਪਾਦਕ ਸਵ. ਸਰਦਾਰੀ ਲਾਲ ਕਪੂਰ ਜੀ ਨੂੰ ਯਾਦ ਕਰਦਿਆਂ ਮੁੱਖ ਸੰਪਾਦਕ ਮੁਹੰਮਦ ਸਲਮਾਨ ਕਪੂਰ ਨੂੰ ਰੋਜ਼ਾਨਾ "ਫ਼ਖ਼ਰ-ਏ -ਹਿੰਦ" ਅਖਬਾਰ ਦੀ ਵਧਾਈ ਦਿੱਤੀ । ਉੱਥੇ ਹੀ ਅਖਬਾਰ ਦਾ ਹੱਕ, ਸੱਚ ਦੀ ਆਵਾਜ ਤੇ ਪਹਿਰਾ ਦੇਣ ਲਈ ਪ੍ਰੇਰਿਤ ਕਰਦਿਆਂ ਮੁਹੰਮਦ ਸਲਮਾਨ ਕਪੂਰ ਨੂੰ ਅਖਬਾਰ ਦਾ ਬੁਲੰਦੀਆਂ ਤੇ ਲੈ ਜਾਣ ਲਈ ਆਸ਼ੀਰਰਵਾਦ ਦਿੱਤਾ। ਇਸੇ ਤਰ੍ਹਾਂ ਹੀ ਵੱਖ-ਵੱਖ ਸ਼ਹਿਰਾਂ ਦੀਆਂ ਸ਼ਖਸੀਅਤਾਂ ਵੱਲੋਂ ਰੋਜ਼ਾਨਾ



"ਫ਼ਖ਼ਰ-ਏ -ਹਿੰਦ" ਅਖਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਕਰਨ 'ਤੇ ਮੁਹੰਮਦ ਸਲਮਾਨ ਕਪੂਰ ਨੂੰ ਵਧਾਈ ਦਿੱਤੀ । ਵਧਾਈ ਦੇਣ ਵਾਲਿਆਂ ਵਿੱਚ ਵਿਸ਼ੇਸ਼ਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਪੰਜਾਬ, ਸ੍ਰੀ ਗੁਰਮੀਤ ਕੁਮਾਰ ਬਾਂਸਲ ਸਹਾਇਕ ਕਮਿਸ਼ਨਰ ਇਨਕਮ ਟੈਕਸ ਲੁਧਿਆਣਾ-1, ਸਰਦਾਰ ਗਗਨ ਅਜੀਤ ਸਿੰਘ ਐਸ.ਐਸ.ਪੀ ਮਲੇਰਕੋਟਲਾ, ਸ਼੍ਰੀਮਤੀ ਰੀਤੂ ਗੁਪਤਾ ਤਹਿਸੀਲਦਾਰ ਮਲੇਰਕੋਟਲਾ, ਸ. ਸੁਖਵਿੰਦਰ ਸਿੰਘ ਨਾਇਬ ਤਹਿਸੀਲਦਾਰ ਮਲੇਰਕੋਟਲਾ ਅਤੇ ਸ਼੍ਰੀ ਪੰਕਜ ਗਰਗ ਪ੍ਰਿੰਸੀਪਲ ਬਾਬਾ ਫਰੀਦ ਲਾਅ ਕਾਲਜ ਫਰੀਦਕੋਟ, ਸਰਦਾਰ ਮਨਪ੍ਰੀਤ ਸਿੰਘ ਧਾਲੀਵਾਲ ਪੀ ਆਰ ਓ ਸਪੀਕਰ ਸੰਧਵਾਂ, ਸਰਦਾਰ ਗੁਰਿੰਦਰ ਸਿੰਘ ਮਹਿੰਦੀਰੱਤਾ ਸਮਾਜ ਸੇਵੀ ਕੋਟਕਪੂਰਾ, ਸਰਦਾਰ ਅਮਨਦੀਪ ਸਿੰਘ ਪੀਏ ਟੂ ਸਪੀਕਰ ਸੰਧਵਾਂ, ਸ਼੍ਰੀ ਸੁਰਿੰਦਰ ਦਮਦਮੀ ਪੱਤਰਕਾਰ ਕੋਟਕਪੂਰਾ, ਸਰਦਾਰ ਗੁਰਤੇਜ ਸਿੰਘ ਰੀਡਰ ਟੂ ਐਸਪੀ ਐਚ ਮਲੇਰਕੋਟਲਾ, ਸਰਦਾਰ ਗੁਰਮੁਖ ਸਿੰਘ ਲੱਡੀ ਟਰੈਫਿਕ ਇੰਚਾਰਜ ਮਲੇਰਕੋਟਲਾ, ਵੱਲੋਂ ਅਦਾਰਾ ਫਖ਼ਰ ਏ ਹਿੰਦ ਅਖਬਾਰ ਦਾ ਪਹਿਲਾ ਅੰਕ ਰਿਲੀਜ਼ ਕਰਦੇ ਹੋਏ ਸ. ਮਨਪ੍ਰੀਤ ਸਿੰਘ ਧਾਲੀਵਾਲ,ਪੀ.ਆਰ.ਓ ਟੂ ਸਪੀਕਰ ਪੰਜਾਬ ਵਿਧਾਨ ਸਭਾ, ਮੁਖਤਿਆਰ ਅਹਿਮਦ (ਕਾਕਾ ਗੁੱਜਰ), ਮੁਹੰਮਦ ਇਮਰਾਨ ਬਰਾੜ ਜੁਡੋ ਕੋਚ ਮਲੇਰਕੋਟਲਾ, ਮੁਹੰਮਦ ਇਮਰਾਨ, ਮਲੇਰਕੋਟਲਾ, ਅਬਦੁਲ ਰਸ਼ੀਦ ਮਲੇਰਕੋਟਲਾ, ਮੁਹੰਮਦ ਯੂਸਫ ਕਿਲ੍ਹਾ ਰਹਿਮਤਗੜ੍ਹ ਤੋਂ ਇਲਾਵਾ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸ਼ਖਸ਼ੀਅਤਾਂ ਨੇ ਵੀ ਡਾਕਟਰ ਮੁਹੰਮਦ ਸਲਮਾਨ ਕਪੂਰ ਨੂੰ ਪਲੇਠਾ ਅੰਕ ਪ੍ਰਕਾਸ਼ਿਤ ਕਰਨ ਤੇ ਮੁਬ-ਾਰਕਬਾਦ ਦਿੱਤੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਏਕੋਟ ਨੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹੀਨਾਵਾਰ ਮੀਟਿੰਗ ਕੀਤੀ

## 11 ਅਪ੍ਰੈਲ ਨੂੰ ਸੰਗਰੂਰ ਵਿਖੇ ਹੋ ਰਹੀ ਰੈਲੀ ਵਿੱਚ ਪਹੁੰਚਣ ਦੀ ਅਪੀਲ ਕੀਤੀ



**ਰਾਏਕੋਟ, 2 ਅਪ੍ਰੈਲ ( ਗੁਰਭਿੰਦਰ ਗੁਰੀ )**ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਏਕੋਟ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਐਸੋਸੀਏਸ਼ਨ ਦੇ ਬਲਾਕ ਪ੍ਰਧਾਨ ਤੇਜਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਸਥਾਨਕ ਸ਼ਹਿਰ ਦੇ ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਕੀਤੀ ਗਈ। ਇਸ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਸੂਬਾਈ ਆਗੂ ਗੁਲਜੀਤ ਸਿੰਘ ਤੇ ਜਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਕਲਸੀਆਂ ਨੇ ਵਿਸੇਸ਼ ਤੌਰ ਸਮੂਲੀਅਤ ਕੀਤੀ। ਮੀਟਿੰਗ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਨੂੰ ਸਰਧਾਂਜਲੀਆਂ ਭੇਟ ਕਰਨ ਉਪਰੰਤ ਕੀਤੀ। ਇਸ ਮੌਕੇ ਸੂਬਾਈ ਆਗੂ ਗੁਲਜੀਤ ਸਿੰਘ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਤੇ ਹਰਬੰਸ ਸਿੰਘ ਡੱਲਾ ਵੱਲੋਂ ਇੱਕ ਕਵਿਤਾ ਰਾਹੀ ਸ਼ਹੀਦ ਏ ਆਜਮ ਭਗਤ ਸਿੰਘ ਦੇ ਸੁਪਨਿਆਂ ਨੂੰ ਯਾਦ ਕੀਤਾ। ਇਸ ਮੌਕੇ ਜਿਲ੍ਹਾਂ ਪ੍ਰਧਾਨ ਗੁਰਦੀਪ ਸਿੰਘ ਕਲਸੀਆਂ ਨੇ ਕਿਹਾ ਕਿ ਸ਼ਹੀਦਾਂ ਦੀ ਸ਼ਹਾਦਤ ਸਦਕਾ ਅੱਜ ਅਸੀ ਅਜ਼ਾਦੀ ਦਾ ਅਨੰਦ ਮਾਣ ਰਹੇ ਹਾ।ਇਸ ਲਈ ਸਾਨੂੰ ਸਾਰਿਆਂ ਸ਼ਹੀਦਾਂ ਦੇ ਸੁਪਨਿਆਂ ਸਕਾਰ ਕਰਨ ਲਈ ਉਹਨਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਸਮਾਜਿਕ ਬੁਰਾਈਆਂ ਨੂੰ ਖਤਮ ਦਾ ਸੰਕਲਪ ਕਰਨਾ ਚਾਹੀਦਾ ਹੈ। ਉਪਰੋਕਤ ਆਗੂਆਂ ਨੇ ਮੈਡੀਕਲ ਪ੍ਰੈਕਟੀਸ਼ਨਰ ਦੀਆਂ ਜਾਇਜ਼ ਮੰਗਾਂ ਨੂੰ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਜਥੇਬੰਦੀ ਨਾਲ ਪੈਨਲ ਮੀਟਿੰਗ ਕਰਨ ਦੇ ਬਾਵਜੂਦ ਕੋਈ ਗੱਲ ਨਹੀ ਕੀਤੀ।ਇਸ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਆਪਣੀਆ ਜ਼ਾਇਜ਼ ਮੰਗਾਂ ਨੂੰ ਮਨਵਾਉਣ ਲਈ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਦੀ ਅਗਵਾਈ 11 ਅਪ੍ਰੈਲ ਨੂੰ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ। ਇਸ ਮੀਟਿੰਗ ਵਿੱਚ ਹਾਜ਼ਰ ਸਾਰੇ ਮੈਂਬਰਾਂ ਨੂੰ ਸੂਬਾ ਪੱਧਰੀ ਰੈਲੀ ਵਿੱਚ ਵੱਧ ਤੋ ਵੱਧ ਪਹੁੰਚਣ ਦੀ ਅਪੀਲ ਕੀਤੀ । ਅੰਤ ਵਿੱਚ ਡਾਕਟਰ ਤੇਜਿੰਦਰ ਸਿੰਘ ਸੰਧੂ ਐਸੋਸੀਏਸ਼ਨ ਚ ਆਏ ਮੈਬਰਾਂ ਨੂੰ ਜੀ ਆਇਆ ਕਿਹਾ ਤੇ ਮੀਟਿੰਗ ਵਿੱਚ ਹਾਜ਼ਰ ਹੋਣ ਤੇ ਸਮੂਹ ਮੈਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਾਕ ਕੈਸ਼ੀਅਰ ਪਰਮਿੰਦਰ ਸਿੰਘ ਜੱਸੀ, ਸੀਨੀਅਰ ਮੀਤ ਪ੍ਰਧਾਨ ਹਰਦੀਪ ਕੁਮਾਰ ਕਲਸੀਆਂ ਬਲਾਕ ਸਕੱਤਰ ਇੰਦਰਜੀਤ ਸਿੰਘ ਤਲਵੰਡੀ ਚਰਨਜੀਤ ਸਿੰਘ ਕਲਸੀਆਂ, ਜਗਦੀਪ ਸਿੰਘ ਅਖਾੜਾ ਚਰਨਦਾਸ ਬੱਸੀਆਂ,ਹਰਪਾਲ ਸਿੰਘ ਲੰਮੇ, ਦੀਪਕ ਸੁਧਾਰ,ਅਮਿਰ ਖਾਨ ਰਾਏਕੋਟ, ਹਰਪ੍ਰੀਤ ਸਿੰਘ ਮਾਣੂੰਕੇ, ਗੁਰਪ੍ਰੀਤ ਸਿੰਘ ਕਮਾਲਪੁਰਾ,ਹਰਵਿੰਦਰ ਕੌਰ ਝੰਮਟ ਆਦਿ ।

# ਅੰਤਿਮ ਸਸਕਾਰ ਕਰਨ ਵਾਲੇ ਵਿਅਕਤੀ ਨੇ 30 ਮ੍ਰਿਤਕਾਂ ਦੇ ਦਫ਼ਨ ਵਿੱਚ ਰੁਕਾਵਟ ਅਤੇ ਦਾਨ ਦੀ ਰਕਮ ਹੜਪਣ ਦੇ ਦੋਸ਼ ਮੰਨੇ



Robert Bush

**ਲੈਸਟਰ (ਇੰਗਲੈਂਡ), 2 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਸ਼ਹਿਰ ਹੱਲ ਵਿੱਚ ਅੰਤਿਮ ਸੰਸਕਾਰ ਦੀ ਸੇਵਾ ਦੇਣ ਵਾਲੇ ਇਕ ਵਿਅਕਤੀ ਨੇ 30 ਮ੍ਰਿਤਕਾਂ ਦੇ ਦਫ਼ਨ ਵਿੱਚ ਰੁਕਾਵਟ ਪੈਦਾ ਕਰਨ ਅਤੇ ਸੋਗ ਮਨਾਉਣ ਵਾਲੇ ਲੋਕਾਂ ਵੱਲੋਂ ਚੈਰੀਟੀ ਲਈ ਦਿੱਤੀ ਗਈ ਦਾਨ ਰਕਮ ਹੜਪਣ ਦੇ ਦੋਸ਼ ਅਦਾਲਤ ਵਿੱਚ ਮੰਨ ਲਏ ਹਨ। 48 ਸਾਲਾ ਰਾਬਰਟ ਬੁਸ਼ ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਮ੍ਰਿਤਕਾਂ ਦੀ ਸੰਭਾਲ ਸਬੰਧੀ ਗੰਭੀਰ ਚਿੰਤਾ ਜਤਾਈ ਗਈ ਅਤੇ ਪੁਲਿਸ ਵੱਲੋਂ ਜਾਂਚ ਸ਼ੁਰੂ ਕੀਤੀ ਗਈ। ਮਾਮਲੇ ਦੀ ਸੁਣਵਾਈ ਹੱਲ ਦੀ ਕ੍ਰਾਊਨ ਅਦਾਲਤ ਵਿੱਚ ਹੋਈ।

ਅਦਾਲਤ ਵਿੱਚ ਉਸ ਨੇ 30 ਮਾਮਲਿਆਂ ਵਿੱਚ ਕਾਨੂੰਨੀ ਅਤੇ ਇੱਜ਼ਤਦਾਰ ਦਫ਼ਨ ਰੋਕਣ ਦੇ ਦੋਸ਼ ਅਤੇ 12 ਭਲਾਈ ਸੰਸਥਾਵਾਂ ਲਈ ਕੀਤੀਆਂ ਦਾਨ ਰਕਮਾਂ ਦੀ ਚੋਰੀ ਦਾ ਦੋਸ਼ ਕਬੂਲ ਕੀਤਾ।

ਜਾਂਚ ਦੌਰਾਨ ਪੁਲਿਸ ਨੂੰ ਸੰਸਥਾ ਦੇ ਥਾਂ ਤੋਂ ਕਈ ਮ੍ਰਿਤਕਾਂ ਦੇ ਅਵਸ਼ੇਸ਼ ਮਿਲੇ, ਜਿਨ੍ਹਾਂ ਵਿੱਚ ਗਰਭ ਅਵਸਥਾ ਦੌਰਾਨ ਮਰੇ ਚਾਰ ਬੱਚਿਆਂ ਦੇ ਅਵਸ਼ੇਸ਼ ਵੀ ਸ਼ਾਮਲ ਸਨ। ਪੁਲਿਸ ਮੁਤਾ-ਬਕ ਇਹ ਸਾਰੇ ਦੋਸ਼ ਮਈ 2012 ਤੋਂ ਮਾਰਚ 2024 ਦੇ ਦਰਮਿਆਨ ਦੇ ਹਨ।ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਕੈਦ ਦੀ ਸਜ਼ਾ ਹੋਣ ਦੀ ਸੰਭਾਵਨਾ ਪੱਕੀ ਹੈ। ਹਾਲਾਂਕਿ ਅੰਤਿਮ ਫੈਸਲਾ 27 ਜੁਲਾਈ ਨੂੰ ਸੁਣਾਇਆ ਜਾਵੇਗਾ ਅਤੇ ਉਸ ਸਮੇਂ ਤੱਕ ਦੋਸ਼ੀ ਨੂੰ ਜ਼ਮਾਨਤ 'ਤੇ ਰਿਹਾ ਕੀਤਾ ਗਿਆ ਹੈ।

ਪੀੜਤ ਪਰਿਵਾਰਾਂ ਨੇ ਅਦਾਲਤ ਬਾਹਰ ਗੁੱਸਾ ਜਤਾਉਂਦੇ ਹੋਏ ਕਿਹਾ ਕਿ ਇਸ ਘਟਨਾ ਨੇ ਕਈ ਪਰਿਵਾਰਾਂ ਨੂੰ ਡੂੰਘਾ ਦੁੱਖ ਪਹੁੰਚਾਇਆ ਹੈ ਅਤੇ ਲੋਕਾਂ ਦੇ ਭਰੋਸੇ ਨਾਲ ਵੱਡਾ ਧੋਖਾ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਅੰਤਿਮ ਸੰਸਕਾਰ ਸੇਵਾਵਾਂ 'ਤੇ ਸਖ਼ਤ ਨਿਯਮ ਬਣਾਏ ਜਾਣ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀ ਘਟਨਾ ਦੁਬਾਰਾ ਨਾ ਵਾਪਰੇ।

# ਜਰਖੜ ਹਾਕੀ ਅਕੈਡਮੀ ਦੇ ਚੋਣ ਟਰਾਇਲਾਂ ਨੂੰ ਭਰਵਾਂ ਹੁੰਗਾਰਾ

## 250 ਤੋਂ ਵੱਧ ਖਿਡਾਰੀਆਂ ਨੇ ਦਿੱਤੇ ਟਰਾਇਲ

**ਲੁਧਿਆਣਾ 2 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਜਰਖੜ ਹਾਕੀ ਅਕੈਡਮੀ ਦੇ ਸਾਲ 2026 --27 ਵਰ੍ਹੇ ਦੇ ਚੋਣ ਟਰਾਇਲ ਅੱਜ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਲੁਧਿਆਣਾ ਵਿਖੇ ਹੋਏ । ਜਿਸ ਵਿੱਚ ਇੰਨਾ ਚੋਣ ਟਰਾਇਲਾਂ ਨੂੰ ਭਰਵਾਂ ਹੁੰਗਾਰਾ ਮਿਲਿਆ। ਪੰਜਾਬ ਭਰ ਵਿੱਚੋਂ 250 ਤੋਂ ਵੱਧ ਖਿਡਾਰੀਆਂ ਨੇ ਚੋਣ ਟਰਾਇਲਾਂ ਵਿੱਚ ਹਿੱਸਾ ਲਿਆ। ਚੋਣ ਟਰਾਇਲਾਂ ਦੀ ਪ੍ਰਕਿਰਿਆ ਤੋਂ ਬਾਅਦ 50 ਹੁਨਰਮੰਦ ਖਿਡਾਰੀਆਂ ਦੀ ਚੋਣ ਕੀਤੀ ਗਈ।

ਅੰਡਰ 17 ਸਾਲ ਵਰਗ ਵਿੱਚ 132 ਖ਼ਿਡਾਰੀ ਚੋਣ ਟਰਾਇਲਾਂ ਦੇਣ ਲਈ ਪੁੱਜੇ ਜਦ ਕਿ ਅੰਡਰ 14 ਵਿੱਚ 48 ਖਿਡਾਰੀ ਅਤੇ ਅੰਡਰ 19 ਸਾਲ ਵਰਗ ਵਿੱਚ 52 ਖਿਡਾਰੀ ਚੋਣ ਟਰਾਇਲਾਂ ਲਈ ਪੁੱਜੇ। ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ



ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਹਨਾਂ ਚੁਣੇ ਗਏ ਖਿਡਾਰੀਆਂ ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਚੋਣ ਟਰਾਇਲਾਂ ਦੀ ਪ੍ਰਕਿਰਿਆ ਵਿੱਚੋਂ ਵੀ ਨਿਕਲਣਾ ਪਵੇਗਾ ਜੋ ਕਿ ਟਰਾਇਲ ਅਗਲੇ ਮਹੀਨੇ ਹੋਣ ਦੀ ਸੰਭਾਵਨਾ ਹੈ । ਖੇਡ ਵਿੰਗਾਂ ਵਿੱਚ ਚੁਣੇ ਗਏ ਖਿਡਾਰੀਆਂ ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਖਾਣ ਪੀਣ ਅਤੇ ਰਹਿਣ ਸਹਿਣ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ। ਗਰਮੀਆਂ ਵਿੱਚ ਬੱਚਿਆਂ ਲਈ ਏ.ਸੀ ਦੀ ਸਹੂਲਤ ਵੀ ਹੋਵੇਗੀ। ਇਹ ਚੁਣੇ ਗਏ ਖਿਡਾਰੀ ਜਿੱਥੇ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਜ਼ਿਲ੍ਹਾ ਪੱਧਰ ਤੇ ਸਿੱਧੀ ਪ੍ਰਤਿਨਿਧਤਾ ਕਰਨਗੇ ਉਥੇ ਹਾਕੀ ਇੰਡੀਆ ਵੱਲੋਂ ਕਰਵਾਈ ਜਾਂਦੀ ਅਕੈਡਮੀ ਚੈਂਪੀਅਨਸ਼ਿਪ ਵਿੱਚ ਵੀ ਕੌਮੀ ਪੱਧਰ ਤੇ ਖੇਡਣ ਦਾ ਵੀ ਮੌਕਾ ਮਿਲੇਗਾ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਜਨਰਲ ਸਕੱਤਰ ਅਤੇ ਮੁਖ ਕੋਚ ਗੁਰਸਤਿੰਦਰ ਸਿੰਘ ਪ੍ਰਗਟ, ਹਰਮੀਤ ਸਿੰਘ, ਪਰਮਜੀਤ ਸਿੰਘ ਪੰਮਾ ਗਰੇਵਾਲ , ਸੁਰਿੰਦਰ ਸਿੰਘ ਛਿੰਦਾ ਚਾਹਲ, ਮਨਜਿੰਦਰ ਸਿੰਘ ਇਆਲੀ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਦੀ ਹਰ ਪਾਸੇ ਹੋ ਰਹੀ ਸ਼ਲਾਘਾ

**ਸ਼ਾਹਕੋਟ ਮਹਿਤਪੁਰ(ਹਰਜਿੰਦਰ ਪਾਲ ਛਾਬੜਾ)** ਹਲਕਾ ਸ਼ਾਹਕੋਟ ਬਲਾਕ ਮਹਿਤਪੁਰ ਵਿੱਚ ਪਿੰਡ ਧੁੱਗੜਾ ਵਿੱਚ ਮੀਟਿੰਗ ਕੀਤੀ ਗਈ ਬਲਾਕ ਪ੍ਰਧਾਨ ਕ੍ਰਿਸਨ ਕੁਮਾਰ ਬਿੱਟੂ ਦੀ ਅਗਵਾਈ ਹੇਠ ਬਲਾਕ ਪ੍ਰਧਾਨ ਕੇਵਲ ਕ੍ਰਿਸਨ ਮੱਟੂ ਐਸੀ ਵਿੰਗ ਵੀ ਹਾਜ਼ਰ ਸਨ ਸਰਪੰਚ ਗੁਰਭੇਜ ਸਿੰਘ, ਸਾਬਕਾ ਸਰਪੰਚ ਸਾਧੂ ਸਿੰਘ ਸੁਖਦੇਵ ਸਿੰਘ ਮੈਂਬਰ ਪੰਚਾਇਤ ਤੇ ਗੁਰਦੇਵ ਸਿੰਘ ਤੇ ਹੋਰ ਮੋਹਤਵਾਰ ਵੀ ਹਾਜ਼ਰ ਸਨ ਇਸ ਮੌਕੇ ਬਿੱਟੂ ਨੇ



ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਕੀਤੇ ਗਏ ਕੰਮਾਂ ਦੀ ਹਰ ਪਾਸੇ ਸਲਾਘਾ ਹੋ ਰਹੀ ਹੈ ਜਿਸ ਵਿੱਚ ਕ੍ਰਿਸਨ ਕੁਮਾਰ ਬਿੱਟੂ ਨੇ ਪੂਰੇ ਚਾਰ ਸਾਲ ਦੇ ਕੀਤੇ ਕੰਮ ਸਰਕਾਰ ਭਗਵੰਤ ਸਿੰਘ ਜੀ ਦੇ ਪੂਰੇ ਵੇਰਵੇ ਨਾਲ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਹੜੇ ਲੋਕ ਨਾਲ ਵਾਅਦੇ ਕੀਤੇ ਉਹ ਕੰਮ ਪੂਰੇ ਕੀਤੇ ਗਏ ਹਨ ਜਿਸ ਕਰਕੇ ਤੇ ਭਗਵੰਤਮਾਨ ਸਰਕਾਰ ਦਾ ਦੁਆਰਾ ਆਉਣਾ ਤਹਿ ਹੈ।

# ਜਮਹੂਰੀ ਹੱਕਾਂ ਦੀ ਉੱਘੀ ਕਾਰਕੁੰਨ ਅਤੇ ਲੇਖਿਕਾ ਸੀਮਾ ਆਜ਼ਾਦ ਆਉਣਗੇ ਭਲਕੇ

**ਲੁਧਿਆਣਾ 2 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਉਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਸੂਬਾ ਕਨਵੀਨਰ ਪ੍ਰੋ.ਏ.ਕੇ. ਮਲੇਰੀ ਅਤੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਤਰਕ ਨੇ ਦੱਸਿਆ ਕਿ ਫਰੰਟ ਵੱਲੋਂ 4 ਅਪ੍ਰੈਲ ਨੂੰ ਬਾਅਦ ਦੁਪਹਿਰ 2.00 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ ਇਤਿਹਾਸਕ ਦਿਹਾੜੇ ਅੱਠ ਅਪ੍ਰੈਲ ਨੂੰ ਸਮਰਪਿਤ ਕਨਵੈਨਸ਼ਨ ਕੀਤੀ ਜਾ ਰਹੀ ਹੈ। ਇਸ ਦਿਨ ਸ਼ਹੀਦ ਭਗਤ ਸਿੰਘ ਅਤੇ ਬੀ.ਕੇ.ਦੱਤ ਵੱਲੋਂ ਅੰਗਰੇਜ਼ ਹਕੂਮਤ ਦੀ ਅਸੈਂਬਲੀ ਵਿੱਚ ਨੁਕ-ਸਾਨਰਹਿਤ ਬੰਬ ਧਮਾਕੇ ਕਰਕੇ ਅੰਗਰੇਜ਼ ਰਾਜ ਦੇ ਕਾਲੇ ਕਾਨੂੰਨਾਂ ਦਾ ਵਿਰੋਧ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਕਨਵੈਨਸ਼ਨ ਵਿੱਚ ਮੁੱਖ ਬੁਲਾਰੀ ਲੋਕਪੱਖੀ ਪੱਤਰਕਾਰ/ਲੇਖਿਕਾ ਅਤੇ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਬੁਲੰਦ ਆਵਾਜ਼ ਸੀਮਾ ਆਜ਼ਾਦ ਹੋਣਗੇ। ਸਮੂਹ ਜਨਤਕ ਜਮਹੂਰੀ



ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤੀ ਜਾਣ ਵਾਲੀ ਇਹ ਕਨਵੈਨਸ਼ਨ ਭਾਰਤੀ ਰਾਜ ਦੀਆਂ ਕਾਰਪੋਰੇਟ ਹਿਤੈਸ਼ੀ ਨੀਤੀਆਂ ਤੋਂ ਆਪਣੇ ਜਲ, ਜੰਗਲ ਤੇ ਜ਼ਮੀਨ ਦੀ ਰਾਖੀ ਲਈ ਜੂਝ ਰਹੇ ਆਦਿਵਾਸੀ ਲੋਕਾਂ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ, ਜੇਲ੍ਹਬੰਦੀ ਤੇ ਹੋਰ ਤਰੀਕਿਆਂ ਨਾਲ ਜਮਹੂਰੀ ਤੇ ਮਨੁੱਖੀ ਹੱਕਾਂ ਦੇ ਘਾਣ ਦਾ ਗੰਭੀਰ ਨੋਟਿਸ ਲੈਂਦੇ ਹੋਏ ਇਸ ਵਿਰੁੱਧ ਲੋਕ ਆਵਾਜ਼ ਬੁਲੰਦ ਕਰਨ ਦਾ ਸੱਦਾ ਦੇਵੇਗੀ। ਕਨਵੈਨਸ਼ਨ ਦੌਰਾਨ ਜਿੱਥੇ ਆਦਿਵਾਸੀ ਲੋਕਾਂ ਨੂੰ ਦਬਾਉਣ ਲਈ ਚਲਾਏ ਜਾ ਰਹੇ ਓਪਰੇਸ਼ਨ ਕਗਾਰ ਅਤੇ ਹੋਰ ਨੀਮ-ਫ਼ੌਜੀ ਹਮਲੇ ਬੰਦ ਕਰਨ, ਪੁਲਿਸ ਕੈਂਪ ਖ਼ਤਮ ਕਰਨ ਅਤੇ ਸਾਰੀਆਂ ਹੀ ਨੀਮ-ਫ਼ੌਜੀ ਤਾਕਤਾਂ ਵਾਪਸ ਬੁਲਾਏ ਜਾਣ ਦੀ ਮੰਗ ਕਰੇਗੀ, ਉੱਥੇ ਨਾਲ ਹੀ 'ਸ਼ਹਿਰੀ ਨਕਸਲੀ' ਅਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ 'ਤੇ ਜੇਲ੍ਹਾਂ ਵਿੱਚ ਡੱਕੇ ਸਮੂਹ ਲੋਕ-ਪੱਖੀ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁੰਨਾਂ ਅਤੇ ਪੂਰੇ ਦੇਸ਼ ਵਿੱਚ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਪੁਰਜ਼ੋਰ ਆਵਾਜ਼ ਉਠਾਏਗੀ। ਫਰੰਟ ਦੇ ਆਗੂਆਂ ਨੇ ਦੱਸਿਆ ਕਿ ਕਨਵੈਨਸ਼ਨ ਦੀ ਤਿਆਰੀ ਲਈ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਕਤ ਆਗੂਆਂ ਨੇ ਵੱਖ-ਵੱਖ ਜਨਤਕ ਜਮਹੂਰੀ ਜਥੇਬੰਦੀਆਂ, ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਵਕੀਲਾਂ, ਲੋਕ ਜਮਹੂਰੀ ਕਾਰਕੁੰਨਾਂ , ਤਰਕਸ਼ੀਲਾਂ ਸਮੇਤ ਸਮੂਹ ਇਨਸਾਫਪਸੰਦ ਤਾਕਤਾਂ ਨੂੰ ਇਸ ਫਾਸ਼ੀ ਹੱਲੇ ਵਿਰੁੱਧ ਸਾਂਝੀ ਆਵਾਜ਼ ਬਣਨ ਲਈ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

# ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਬਾਬਿਆਂ ਨੇ 6 ਕਰੋੜ ਦੀ ਲਾਗਤ ਨਾਲ ਦੋ ਪੁਲਾਂ ਦਾ ਨਿਰਮਾਣ ਕਰਵਾਇਆ ਸ਼ੁਰੂ

## ਮੁਖੀ ਬਾਬਾ ਸਤਨਾਮ ਸਿੰਘ ਜੀ ਵਲੋਂ ਅਨੰਦਪੁਰ ਸਾਹਿਬ ਨੂੰ ਜਾਂਦੇ ਰਾਹ ਤੇ ਬਣਾਏ ਜਾਣਗੇ ਦੋ ਵੱਡੇ ਪੁੱਲ

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ 2 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਸ੍ਰੀ ਆਨੰਦਪੁਰ ਸਾਹਿਬ ਤੋਂ ਗੜ ਸ਼ੰਕਰ ਸੜਕ ਦੀ ਖਸਤਾ ਹਾਲਤ ਨੂੰ ਵੇਖ ਕੇ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਦੇ ਮੁਖੀ ਬਾਬਾ ਸਤਨਾਮ ਸਿੰਘ ਵੱਲੋਂ ਦੋ ਤਖਤਾਂ ਨੂੰ ਆਪਸ ਵਿੱਚ ਜੋੜਨ ਵਾਲੀ ਇਹ ਸੜਕ ਦਾ ਨਿਰਮਾਣ ਆਰੰਭ ਕਰਵਾਇਆ ਸੀ ਜੋ ਸ੍ਰੀ ਅਨੰਦਪੁਰ ਸਾਹਿਬ ਤੋਂ ਗੜਸ਼ੰਕਰ ਤੱਕ ਚਹ ਮਾਰਗੀ ਸੜਕ ਬਣਾਉਣ ਦਾ ਬੀੜਾ ਪਿਛਲੇ ਇੱਕ ਸਾਲ ਤੋਂ ਸੰਗਤ ਦੇ ਸਹਿਯੋਗ ਨਾਲ ਕਾਰ ਸੇਵਾ ਵਜੋਂ ਕਰਵਾਇਆ ਜਾ ਰਿਹਾ ਹੈ ਭਾਵ ਇਹ ਕਾਰਜ ਸਰਕਾਰਾਂ ਦੇ ਹਨ ਪਰ ਬਾਬਿਆਂ ਨੇ ਸੜਕ ਬਣਾਉਣ ਦਾ ਕੰਮ ਆਰੰਭ ਕਰਵਾਇਆ ਹੈ ਦੱਸ ਦਈਏ ਕਿ ਹੁਸ਼ਿਆਰਪੁਰ ਜਿਲੇ ਅਧੀਨ ਆਉਂਦੇ ਇਹ ਇਲਾਕੇ ਵਿੱਚ ਜਿੱਥੇ ਸੜਕ ਲੰਘ ਰਹੀ ਹੈ ਉਸਨੂੰ ਚੋੜਾ ਕਰਵਾਉਣ ਦੇ ਲਈ 6 ਕਰੋੜ ਰੁਪਏ ਦੀ ਲਾਗਤ ਨਾਲ ਦੋ ਵੱਡੇ





ਪੁੱਲ ਬਣਨ ਜਾ ਰਹੇ ਹਨ ਜਿਸ ਨੂੰ ਬਿਨਾਂ ਕਿਸੇ ਸਰਕਾਰ ਦੀ ਮਦਦ ਤੇ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਮੁਖੀ ਬਾਬਾ ਸਤਨਾਮ ਸਿੰਘ ਸੰਤ ਮਹਾਂਪੁਰਸ਼ ਸੰਗਤ ਦੇ ਸਹਿਯੋਗ ਨਾਲ ਬਣਵਾ ਰਹੇ ਹਨ ਜਿਸ ਦਾ ਨੀਹ ਪੱਥਰ ਅਰਦਾਸ ਕਰਨ ਲਈ ਸ਼ਹੀਦੀ ਬਾਗ ਵਾਲੇ ਬਾਬਾ ਗੁਰਦੇਵ ਸਿੰਘ ਵੱਲੋਂ ਕੀਤੀ ਗਈ ਇਸ ਮੌਕੇ ਬਾਬਾ ਸਤਨਾਮ ਸਿੰਘ ਮੁਖੀ ਕਿਲਾ ਅਨੰਦਗੜ੍ਹ ਸਾਹਿਬ ਬਾਬਾ ਗੁਰਦੇਵ ਸਿੰਘ ਜੈਮਲ ਸਿੰਘ ਅਟਵਾਲ ਮੁਣਸ਼ੀ ਸਿੰਘ ਗੌਰਵ ਰਾਣਾ ਤੀਰਥ ਸਿੰਘ ਬਖਤਾਵਰ ਮਲ ਗੁਰਪ੍ਰੀਤ ਸਿੰਘ ਅਰੋੜਾ ਸ਼ਰਨਪਾਲ ਸਿੰਘ ਇੰਦਰਜੀਤ ਸਿੰਘ ਸ਼ੈਪੀ ਅਰੋੜਾ ਤੇ ਹੋਰ ਹਾਜ਼ਰ ਸਨ।

# ਕਸਬਾ ਕਾਠਗੜ੍ਹ ਵਿਖੇ ਲਾਲ ਲਕੀਰ ਅੰਦਰ ਮਕਾਨ ਦੇ ਕਿਰਾਏਦਾਰਾਂ ਨੇ ਸਰਵੇ ਕਰਨ ਆਏ ਸਰਪੰਚ ਅਤੇ ਮੋਹਤਵਰਾਂ ਨੂੰ ਕਿਰਾਏਦਾਰਾਂ ਨੇ ਬਣਾਇਆ ਬੰਧਕ

## ● ਸਰਪੰਚ ਰਿਸ਼ੂ ਬਾਲਾ ਨੂੰ ਗਾਲਾਂ ਕੱਢਦਿਆਂ ਜਾਤੀ ਸੂਚਕ ਬੋਲ ਕੇ ਕੀਤਾ ਅਪਮਾਨਿਤ ● ਐਸਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਗੜ੍ਹੀ ਨੇ ਲਿਆ ਸੂ ਮੋਟੋ ਨੋਟਿਸ ਪਰਿਵਾਰ ਨਾਲ ਮਿਲ ਕੇ ਜਾਣਿਆ ਸਾਰਾ ਮਾਮਲਾ ● ਐਸਸੀ ਐਕਟ ਦੇ ਤਹਿਤ ਕੀਤਾ ਮਾਮਲਾ ਦਰਜ

**ਨਵਾਂਸ਼ਹਿਰ /ਕਾਠਗੜ੍ਹ 2 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨੀਂ ਕਾਠਗੜ੍ਹ ਦੇ ਸਰਪੰਚ ਰਿਸ਼ੂ ਬਾਲਾ ਤੇ ਉਸਦੇ ਪਤੀ ਸੇਵਾਦਾਰ ਸਾਂਈ ਕਾਲੇਸ਼ਾਹ ਅਤੇ ਪਿੰਡ ਦੇ ਹੋਰ ਮੋਹਤਵਰਾਂ ਦੇ ਵਲੋਂ ਕਿਰਾਏ ਦੇ ਰਹਿਣ ਵਾਲਿਆਂ ਕਥਿਤ ਆਰੋਪੀ ਕਿਰਾਏਦਾਰ ਸੇਠੀ ਪੁੱਤਰ ਰਤਨਚੰਦ ਪਿੰਡ ਅਤੇ ਉਸ ਦੀ ਘਰ ਵਾਲੀ ਰਚਨਾ ਨੇ ਉਨ੍ਹਾਂ ਨਾਲ ਕਥਿਤ ਤੌਰ ਤੇ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ । ਉਨ੍ਹਾਂ ਨੂੰ ਗੇਟ ਅੰਦਰ ਬੰਦ ਕਰਕੇ ਜ਼ਿੰਦਰਾ ਲਗਾ ਦਿੱਤਾ । ਜਿਸੇ ਤੇ ਸਰਪੰਚ ਨੇ ਇਸ ਘਟਨਾ ਸਬੰਧੀ ਤੁਰੰਤ ਫੋਨ ਕਰਕੇ ਥਾਣਾ ਕਾਠਗੜ੍ਹ ਪੁਲਿਸ ਅਤੇ ਪਿੰਡ ਵਾਸੀਆਂ ਨੂੰ ਸੂਚਿਤ ਕੀਤਾ ਅਤੇ ਇਸ ਘਟਨਾ ਦੀ ਖਬਰ ਸੁਣਦੇ ਸਾਰ ਐਸ ਐਸ ਓ ਅਭਿਸ਼ੇਕ ਸ਼ਰਮਾ ਥਾਣਾ ਕਾਠਗੜ੍ਹ ਪੁਲਿਸ ਪਾਰਟੀ ਨਾਲ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਕੇ ਤੇ ਪਹੁੰਚ ਕੇ ਉਨ੍ਹਾਂ ਵਲੋਂ ਗੇਟ ਨੂੰ ਤੋੜ ਕੇ ਉਹਨਾਂ ਨੂੰ ਬਾਹਰ ਕਢਵਾਇਆ । ਪੁਲਿਸ ਵੱਲੋਂ ਕਥਿਤ ਆਰੋਪੀ ਕਿਰਾਏਦਾਰ ਸੇਠੀ ਤੇ ਉਸਦੀ ਪਤਨੀ ਦੇ ਖਿਲਾਫ ਕਿਡਨੈਪ ਅਤੇ ਐਸਸੀ ਐਕਟ ਤੇ ਹੋਰ ਧਰਾਵਾਂ ਤਹਿਤ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ।

ਇਸ ਘਟਨਾ ਦੀ ਸੂਚਨਾ ਜਦੋਂ ਐਸਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਮਿਲੀ ਤਾਂ ਉਨ੍ਹਾਂ ਨੇ ਤੁਰੰਤ ਕਾਠਗੜ੍ਹ ਵਿਖੇ ਪਹੁੰਚ ਕੇ ਪਰਿਵਾਰ ਨੂੰ ਮਿਲ ਕੇ ਸਾਰੀ ਘਟਨਾ ਦੀ ਜਾਣਕਾਰੀ ਲਈ ਅਤੇ ਉਨ੍ਹਾਂ ਨੇ ਤੁਰੰਤ ਸੂਮੋਟੋ ਨੋਟਿਸ ਜਾਰੀ ਕੀਤਾ । ਜਸਵੀਰ ਸਿੰਘ ਗੜ੍ਹੀ ਨੇ ਸਰਪੰਚ ਕਾਠਗੜ੍ਹ ਰਿਸ਼ੂ ਬਾਲਾ ਤੇ ਉਸਦੇ ਪਤੀ ਸੇਵਾਦਾਰ ਸਾਂਈ ਕਾਲੇਸ਼ਾਹ ਜੀ ਅਤੇ ਹੋਰ ਪਤਵੰਤਿਆਂ ਨਾਲ ਕਿਰਾਏਦਾਰਾਂ ਵਲੋਂ ਕੀਤੀ ਗਈ ਇਸ ਘਿਨੌਣੀ ਹਰਕਤ ਦੀ ਸਖਤ ਸ਼ਬਦਾ ਵਿੱਚ ਨਿੰਦਾ ਕੀਤੀ । ਉਨ੍ਹਾਂ ਨੇ ਕਿਹਾ ਕਿ ਇਹ ਪਹਿਲਾਂ ਅਜਿਹਾ ਮਾਮਲਾ ਦੇਖਣ ਵਿੱਚ ਸਾਹਮਣੇ ਆਇਆ ਕਿ ਪਿੰਡ ਦੇ ਮੌਜੂਦਾ ਸਰਪੰਚ ਨੂੰ ਤੇ



ਹੋਰ ਪਿੰਡ ਦੇ ਮੋਹਤਬਾਰਾਂ ਨੂੰ ਗਾਲੀ ਗਲੋਚ ਤੇ ਜਾਤੀ ਸੂਚਕ ਸ਼ਬਦ ਬੋਲਦੇ ਹੋਏ ਉਨ੍ਹਾਂ ਨੂੰ ਗੇਟ ਦੇ ਅੰਦਰ ਬੰਦ ਕਰਕੇ ਤਾਲਾਂ ਲਗਾਉਣਾ ਬਹੁਤ ਹੀ ਵੱਡਾ ਅਪਰਾਧ ਹੈ ਜਿਸ ਨੂੰ ਕਿਸੇ ਵੀ ਕੀਮਤ ਵਿੱਚ ਬਖਸ਼ਿਆ ਨਹੀਂ ਜਾਵੇਗਾ ।

ਇੱਥੇ ਇਹ ਵਰਨਣਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਭਰ ਵਿੱਚ ਜੋ ਲਾਲ ਲਕੀਰ ਦਾ ਸਰਵੇਂ ਕਰਾਉਣ ਦੀ ਜੋ ਸਕੀਮ ਚਲਾਈ ਜਾ ਰਹੀ ਹੈ ਜਿਸ ਤਹਿਤ ਅੱਜ ਕਸਬਾ ਕਾਠਗੜ੍ਹ ਵਿੱਚ ਉਦੋਂ ਵੱਡਾ ਹੰਗਾਮਾ ਸ਼ੁਰੂ ਹੋ ਗਿਆ ਜਦੋਂ ਸਵਰਗਵਾਸੀ ਡਾ ਅਯੁੱਧਿਆ ਸ਼ਰਮਾ ਦੇ ਘਰ ਪਿੰਡ ਦੀ ਸਰਪੰਚ ਸ੍ਰੀਮਤੀ ਰਿਸ਼ੂ ਬਾਲਾ ਉਹਨਾਂ ਦੇ ਪਤੀ ਸੇਵਾਦਾਰ ਕਾਲੇਸ਼ਾਹ ਜੀ , ਵਿਸ਼ਾਲ ਅਨੰਦ ਸਮੇਤ ਪਿੰਡ ਦੇ ਹੋਰ ਵੀ ਕਈ ਮੋਹਤਬਾਰ ਜਿਨਾਂ ਨੂੰ ਡਾਕਟਰ ਅਯੁੱਧਿਆ ਸ਼ਰਮਾ ਦੀ ਲੜਕੀ ਅਰੁਣ ਸ਼ਰਮਾ ਪਤਨੀ ਨਰਿੰਦਰ ਪਾਲ ਵਾਸੀ ਕਾਠਗੜ੍ਹ ਹਾਲ ਅਬਾਦ ਆਦਰਸ਼ ਨਗਰ ਬੱਸੀ ਮੋਹਾਲੀ ਦੇ ਕਾਠਗੜ੍ਹ ਵਿਖੇ ਪਹੁੰਚੇ ਉਨ੍ਹਾਂ ਦੇ ਘਰ ਪਹੁੰਚੇ ਤਾਂ ਉੱਥੇ ਜੋ ਕਿਰਾਏਦਾਰ ਸੇਠੀ ਪੁੱਤਰ ਰਤਨਚੰਦ ਪਿੰਡ ਅਤੇ ਉਸ ਦੀ ਘਰ ਵਾਲੀ ਰਚਨਾ ਬੈਠ ਕੇ ਜਦੋਂ ਲਾਲ ਲਕੀਰ ਸਬੰਧੀ ਗੱਲ ਰਹੇ ਸਨ । ਤਾਂ ਉਹੋ ਅਚਾਨਕ ਜ਼ੋਰ ਜ਼ੋਰ ਨਾਲ ਗਾਲੀ ਗਲੋਚ ਕਰਨ ਲੱਗ ਪਏ ਅਤੇ ਸਰਪੰਚ ਅਤੇ ਉਸ ਦੇ ਘਰ ਵਾਲੇ ਨੂੰ ਕਥਿਤ ਤੌਰ ਤੇ ਜਾਤੀ ਸੂਚਕ ਸ਼ਬਦ ਬੋਲ ਕੇ ਉਨ੍ਹਾਂ ਨੇ ਸਰਪੰਚਣੀ ਅਤੇ ਉਸ ਦੇ ਨਾਲ ਆਏ ਮੋਹਤਵਰਾਂ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਇਹਨਾਂ ਨੂੰ ਅੰਦਰ ਦੇਖ ਪਿੱਛੇ ਤੋਂ ਗੇਟ ਨੂੰ ਜੰਦਰਾ ਲਗਾ ਦਿੱਤਾ ਅਤੇ ਇਹਨਾਂ ਸਾਰਿਆਂ ਨੂੰ ਜਾਤੀ ਸੂਚਕ ਸ਼ਬਦ ਬੋਲਕੇ ਗੰਦੀਆਂ ਗਾਲਾਂ ਕੱਢੀਆਂ ਅਤੇ ਸਰਪੰਚ ਅਤੇ ਮੋਹਤਵਰਾਂ ਨੂੰ ਕਿਡਨੈਪ ਕਰ ਲਿਆ । ਜਦੋਂ ਸਰਪੰਚ ਰਿਸ਼ੂ ਬਾਲਾ ਨੇ ਆਪਣੇ ਬਚਾਅ ਲਈ ਫੋਨ ਕਰਕੇ ਆਪਣੇ ਪਿੰਡ ਅਤੇ ਮਹੁੱਲੇ ਵਿੱਚ ਇਸ ਘਟਨਾ ਵਾਰੇ ਦੱਸਿਆਂ । ਥਾਣਾ ਦੇ ਅਭਿਸ਼ੇਕ ਸ਼ਰਮਾ ਸਮੇਤ ਪੁਲਿਸ ਤਰੁੰਤ ਮੌਕੇ ਗਏ ਜਿਨ੍ਹਾਂ ਦੀ ਹਾਜ਼ਰੀ ਵਿੱਚ ਨਗਰ ਨਿਵਾਸੀਆਂ ਨੇ ਗੇਟ ਤੋੜ ਸਰਪੰਚ ਰਿਸ਼ੂ ਬਾਲਾ ਨੂੰ ਬਾਹਰ ਕੱਢਿਆ ਅਤੇ ਪੁਲਿਸ ਨੇ ਕਥਿਤ ਆਰੋਪੀ ਕਿਰ-ਾਏਦਾਰ ਸੇਠੀ ਅਤੇ ਉਸਦੀ ਪਤਨੀ ਰਚਨਾ ਵਲੋਂ ਕੀਤੀ ਗਈ ਧੱਕਾਮੁੱਕੀ ਤੇ ਜਾਤੀ ਸੂਚਕ ਸ਼ਬਦ ਬੋਲਣ ਤੇ ਮਾਮਲਾ ਦਰਜ ਕੀਤਾ । ਇਸ ਮੌਕੇ ਤੇ ਪਰਮਿੰਦਰ ਮੇਨਕਾ ਐਮ ਸੀ ਬਲਾਚੌਰ, ਐਮ ਸੀ ਪਰਮਿੰਦਰ ਪੰਮਾ ਬਲਾਚੌਰ, ਸਰਪੰਚ ਜਸਵੀਰ ਸਿੰਘ ਔਲੀਆਪੁਰ , ਸਰਫਰਾਜ, ਜਸਵੰਤ ਤੂਰ, ਜਸਵੰਤ ਕਲੇਰ ਅਤੇ ਪਿੰਡ ਵਾਸੀਆਂ ਵਿੱਚ ਸੁਭਾਸ਼ ਆਨੰਦ ਸਾਬਕਾ ਸਰਪੰਚ , ਰਾਜ ਕੁਮਾਰ ਆਨੰਦ ਮਾਰਕੀਟ ਪ੍ਰਧਾਨ ,ਡਾਕਟਰ ਜੋਗਿੰਦਰ ਪਾਲ ਦੱਤ ਸਾਬਕਾ ਸਰਪੰਚ ਕਾਠਗੜ੍ਹ, ਪੰਚ ਵਿੱਕੀ ਚੋਧਰੀ ਕਾਠਗੜ੍ਹ, ਸਤਿੰਦਰ ਸ਼ਰਮਾ ਆਦਿ ਹਾਜ਼ਰ ਸਨ ।

# ਮਾਸਟਰ ਜੋਗਿੰਦਰਪਾਲ ਨੰਬਰਦਾਰ ਜਲਾਲਪੁਰ ਦੀ ਅੰਤਿਮ ਅਰਦਾਸ ਮੌਕੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀਆਂ ਨੇ ਦਿੱਤੀ ਸ਼ਰਧਾਂਜਲੀ

**ਨਵਾਂਸ਼ਹਿਰ /ਕਾਠਗੜ੍ਹ 2 ਅਪੈਲ( ਜਤਿੰਦਰ ਪਾਲ ਸਿੰਘ ਕਲੇਰ )–** ਪਿਛਲੇ ਦਿਨੀ ਮਾਸਟਰ ਜੋਗਿੰਦਰਪਾਲ ਨੰਬਰਦਾਰ ਜਲਾਲਪੁਰ ਆਪਣੀ ਸੰਸਾਰਿਕ ਯਾਤਰਾ ਨੂੰ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ । ਜਿਸ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ । ਪਰਿਵਾਰ ਵਲੋਂ ਉਨ੍ਹਾਂ ਦੀ ਆਤਮਿਕ ਸ਼ਾਤੀ ਲਈ ਰੱਖੇ ਗਏ ਜਗਤਗੁਰੂ ਮਹਾਰਾਜ ਗਰੀਬ ਦਾਸ ਜੀ ਦੀ ਅਮ੍ਰਿਮਈ ਬਾਣੀ ਦੇ ਭੋਗ ਉਨ੍ਹਾਂ ਦਾ ਨਿਵਾਸ ਸਥਾਨ ਪਿੰਡ ਜਲਾਲਪੁਰ ਤਹਿਸੀਲ ਬਲਾਚੌਰ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਵਿਖੇ ਪਾਏ ਗਏ । ਇਸ ਮੌਕੇ ਇਲਾਕੇ ਦੀਆ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪਾਰਟੀਆ ਦੇ ਪ੍ਰਤੀਨਿਧੀਆ ਨੇ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾਜਲੀਆ ਭੇਟ ਕੀਤੀਆਂ । ਇਸ ਮੌਕੇ ਤੇ ਉਨ੍ਹਾਂ ਦੇ ਵੱਡੇ ਪੁੱਤਰ ਪਰਮਜੀਤ ਕੁਮਾਰ, ਸ਼ੰਮੀ ਚੌਧਰੀ, ਵਿਜੇ ਕੁਮਾਰ ਨੰਬਰਦਾਰ, ਰਕੇਸ਼ ਕੁਮਾਰ, ਅਮਰਜੀਤ ਕੁਮਾਰ, ਦਲਜੀਤ , ਦਵਿੰਦਰ , ਸੂਬੇਦਾਰ ਦੇਵ ਰਾਜ , ਪ੍ਰੇਮ ਚੰਦ ,



ਜਸਵੀਰ ਸਿੰਘ ਗੜ੍ਹੀ ਸੀਨੀਅਰ ਆਪ ਨੇਤਾ ਤੇ ਚੇਅਰਮੈਨ ਐਸਸੀ ਕਮਿਸ਼ਨਰ ਪੰਜਾਬ ,ਸੁਖਦੀਪ ਸਿੰਘ ਸ਼ੁਕਾਰ ਜਿਲ੍ਹਾਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨਵਾਂਸ਼ਹਿਰ, ਸਤਨਾਮ ਚੇਅਰਮੈਨ ਸੀਨੀਅਰ ਆਪ ਨੇਤਾ ਜਿਲਾ ਯੋਜਨਾ ਬੋਰਡ ਨਵਾਸ਼ਿਹਰ, ਰਿਟਾਇਡ ਡੀਐਸਪੀ ਸਤਨਾਮ ਸਿੰਘ ਰਾਜੂਮਾਜਰਾ, ਵਿਮਲ ਚੋਧਰੀ, ਰਿਟਾਇਡ ਡੀਐਸਪੀ ਬਨਾਰਸੀ ਦਾਸ, ਜੋਗਿੰਦਰ ਪਾਲ ਮਹੈਸ਼ੀ ਆਦੋਆਣਾ, ਮਾਸਟਰ ਦੇਵ ਸੰਡਰੇਵਾਲ ਸਰਕਲ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਮੌਕੇ ਰਮਨ ਨੰਦ ਲਾਲ ਅਸ਼ੋਕ ਬਜਾੜ, ਗੁਰਦੀਪ ਸਿੰਘ ਬਕਾਪੁਰ, ਬਹਾਦਰ ਬੂਥਗੜ੍ਹ,ਪਰਮਿੰਦਰ ਮੇਨਕਾ ਐਮ ਸੀ ਬਲਾਚੌਰ, ਪਰਮਿੰਦਰ ਪੰਮਾ ਐਮ ਸੀ ਬਲਾਚੌਰ, ਜਸਵੀਰ ਔਲੀਆਪੁਰ, ਸ਼ੰਕਰ ਜੰਡੀ, ਦੁਰਗੇਸ਼ ਜੰਡੀ, ਬਿੱਲੂ ਜੰਡੀ, ਸੁੱਖਵਿੰਦਰ ਸਿੰਘ, ਬਿੱਲੂ ਨੰਬਰਦਾਰ, ਗੁਰਪਾਲ ਖੇਖੜ ਮਝੋਟ, ਹਨੀ ਟੌਂਸਾ, ਗੌਰਵ ਚੌਹਾਨ, ਯਾਦਵਿੰਦਰ ਯਾਦੀ, ਬਲਵੀਰ ਬਾਂਠ ਜੰਡੀ ਹੋਰ ਸੱਜਣ ,ਮਿੱਤਰ ਤੇ ਰਿਸ਼ਤੇਦਾਰ ਸਕੇ ਸਬੰਧੀ ਭਾਰੀ ਸੰਖਿਆ ਵਿੱਚ ਮੌਜੂਦ ਰਹੇ ।

# ਲੌਂਗੋਵਾਲ ਗਰੁੱਪ ਆਫ਼ ਕਾਲਜਿਜ਼ ਵਿੱਚ 15ਵੇਂ ਕੈਂਪ ਦੌਰਾਨ 101 ਨੇ ਕੀਤਾ ਖ਼ੂਨਦਾਨ

## "ਖ਼ੂਨਦਾਨ ਕਰੋ, ਜਾਨਾਂ ਬਚਾਓ" ਦੇ ਸੰਦੇਸ਼ ਨਾਲ ਵਿਦਿਆਰਥੀਆਂ ਤੇ ਵਲੰਟੀਅਰਾਂ ਨੇ ਦਿਖਾਇਆ ਜੋਸ਼

**ਡੇਰਾਬੱਸੀ, 2 ਅਪ੍ਰੈਲ (ਸੰਜੀਵ ਸਿੰਘ ਸੈਣੀ)** ਲੌਂਗੋਵਾਲ ਗਰੁੱਪ ਆਫ਼ ਕਾਲਜਿਜ਼, ਡੇਰਾਬੱਸੀ ਵੱਲੋਂ ਭਾਰਤ ਵਿਕਾਸ ਪ੍ਰੀਸ਼ਦ, ਵਿਵੇਕਾਨੰਦ ਡੇਰਾਬੱਸੀ ਅਤੇ ਰੋਟਰੀ ਕਲੱਬ ਚੰਡੀਗੜ੍ਹ ਦੇ ਸਹਿਯੋਗ ਨਾਲ ਲੌਂਗੋਵਾਲ ਪੌਲੀਟੈਕਨਿਕ ਅਤੇ ਫਾਰਮੇਸੀ ਕਾਲਜ ਵਿਖੇ 15ਵਾਂ ਖ਼ੂਨਦਾਨ ਕੈਂਪ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਹ ਕੈਂਪ ਸੰਸਥਾ ਦੇ ਸੰਸਥਾਪਕ ਚੇਅਰਮੈਨ ਸਵ. ਸ਼੍ਰੀ ਬੀ. ਬੀ. ਕਤਿਆਲ ਦੀ ਪਿਆਰੀ ਯਾਦ ਵਿੱਚ ਲਗਾਇਆ ਗਿਆ। ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਐਸ.ਡੀ.ਐਮ. ਡੇਰਾਬੱਸੀ ਸ਼੍ਰੀ ਅਮਿਤ ਗੁਪਤਾ (ਪੀ.ਸੀ.ਐਸ.) ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਸਮਾਜ ਲਈ ਬਹੁਤ ਹੀ ਲਾਭਕਾਰੀ ਹਨ ਅਤੇ ਹੋਰ ਲੋਕਾਂ ਨੂੰ ਵੀ ਇਸ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਲੌਂਗੋਵਾਲ ਗਰੁੱਪ ਦੇ ਵਾਈਸ ਚੇਅਰਮੈਨ ਡਾ. ਕਪਿਲ



ਕਤਿਆਲ ਅਤੇ ਐਡਮਿਸ਼ਨ ਡਾਇਰੈਕਟਰ ਤੇ ਪ੍ਰਿੰਸੀਪਲ ਡਾ. ਵਿਨੋਦ ਕਤਿਆਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਅਜਿਹੇ ਉਪਰਾ- ਲੇ ਸੰਸਥਾ ਦੀ ਸਮਾਜਿਕ ਜ਼ਿੰਮੇਵਾਰੀ ਅਤੇ ਮਾਨਵਤਾਵਾਦੀ ਮੁੱਲਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਨਿਤਿਨ ਜਿੰਦਲ, ਸਕੱਤਰ ਅਸ਼ਵਨੀ ਸ਼ਰਮਾ, ਖਜ਼ਾਨਚੀ ਜੈ ਪ੍ਰਕਾਸ਼ ਧੀਮਾਨ ਸਮੇਤ ਹੋਰ ਮੈਂਬਰਾਂ ਨੇ ਕਿਹਾ ਕਿ ਸੰਸਥਾ ਹਮੇਸ਼ਾਂ ਸਮਾਜ ਭਲਾਈ ਦੇ ਕੰਮਾਂ ਲਈ ਅੱਗੇ ਰਹਿੰਦੀ ਹੈ ਅਤੇ ਖ਼ੂਨਦਾਨ ਵਰਗੀਆਂ ਮੁਹਿੰਮਾਂ ਨੂੰ ਉਤਸ਼ਾਹਿਤ ਕਰਦੀ ਹੈ। ਰੋਟਰੀ ਕਲੱਬ ਚੰਡੀਗੜ੍ਹ ਦੀ ਪ੍ਰਧਾਨ ਆਭਾ ਜੋਸ਼ੀ ਸ਼ਰਮਾ, ਸਕੱਤਰ ਅਰੁਣ ਅਗਰਵਾਲ ਅਤੇ ਹੋਰ ਮੈਂਬਰਾਂ ਨੇ ਕੈਂਪ ਦੇ ਸੁਚਾਰੂ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਡਾ. ਮਨੀਸ਼ ਰਾਏ ਅਤੇ ਮੈਡੀਕਲ ਟੀਮ ਵੱਲੋਂ ਕੈਂਪ ਨੂੰ ਸੁਰੱਖਿਅਤ ਅਤੇ ਸਫਲ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਗਿਆ। ਕੈਂਪ ਦੌਰਾਨ ਕੁੱਲ 203 ਰਜਿਸਟ੍ਰੇਸ਼ਨਾਂ ਹੋਈਆਂ, ਜਿਨ੍ਹਾਂ ਵਿੱਚੋਂ 101 ਦਾਨੀਆਂ ਨੇ ਖ਼ੂਨਦਾਨ ਕੀਤਾ। ਲੌਂਗੋਵਾਲ ਪੌਲੀਟੈਕਨਿਕ ਅਤੇ ਫਾਰਮੇਸੀ ਕਾਲਜ ਦੀ ਪ੍ਰਿੰਸੀਪਲ ਡਾ. ਰੋਜ਼ੀ ਕਤਿਆਲ ਨੇ ਸਾਰੇ ਦਾਨੀਆਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ ।

# ਨਵਾਂ ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਗਰੀਬਾਂ ਦੇ ਨਾ ਨਾਲ ਜਾਣੇ ਜਾਂਦੇ ਦਿਨੇਸ਼ ਸੂਰੀ ਆਪ ਸ਼ਾਮਿਲ

**ਨਵਾਂਸ਼ਹਿਰ 2 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਨਵਾਂਸ਼ਹਿਰ ਦੇ ਪ੍ਰਸਿੱਧ ਸਮਾਜ ਸੇਵੀਂ, ਗਰੀਬਾਂ ਦੇ ਮਸੀਹਾਂ ਅਤੇ ਪੀਬੀ 32 ਨਵਾਂਸ਼ਹਿਰ ਦੇ ਮਾਲਕ ਦਿਨੇਸ਼ ਸੂਰੀ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਚ ਸ਼ਾਮਿਲ ਹੋ ਗਏ। ਉਹਨਾਂ ਦਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਵਾਗਤ ਕੀਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਦਿਨੇਸ਼ ਸੂਰੀ ਨੂੰ ਜਲਦੀ ਵੱਡੀ ਜਿੰਮੇਵਾਰੀ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਪਾਰਟੀ ਚ ਮਿਹਨਤੀ ਵਰਕਰਾਂ ਨੂੰ ਹਮੇਸ਼ਾ ਸਤਿਕਾਰ ਦਿੱਤਾ ਜਾਵੇਗਾ ਅਤੇ ਹਰ ਵਰਗ ਨੂੰ ਬਣਦੀ ਨੁਮਾਇੰਦਗੀ ਦਿੱਤੀ ਜਾਵੇਗੀ।ਦਿਨੇਸ਼ ਸੂਰੀ ਨੇ ਆਖਿਆ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ



ਆਏ ਹਨ। ਉਹਨਾਂ ਆਖਿਆ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਨੇ ਰਾਜ ਨੂੰ ਸਾਫ ਸੁਥਰਾ ਪ੍ਰਸ਼ਾਸਨ ਦਿੱਤਾ ਹੈ ਅਤੇ ਹਰ ਵਰਗ ਦੇ ਕੰਮ ਕਰਵਾਏ ਹਨ, ਉਹਨਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੇ ਆਮ ਆਦਮੀ ਪਾਰਟੀ ਚ ਸ਼ਾਮਿਲ ਹੋਣ ਦਾ ਫੈਸਲਾ ਲਿਆ।ਪਾਰਟੀ ਵੱਲੋਂ ਜੋ ਵੀ ਉਸ ਨੂੰ ਸੇਵਾਵਾਂ ਲਗਾਈਆਂ ਗਈਆਂ ਉਹ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਆਖਿਆ ਕਿ ਉਹ ਪਾਰਟੀ ਦੇ ਭਰੋਸੇ ਤੇ ਹਮੇਸ਼ਾ ਕਾਇਮ ਰਹਿਣ- ਗੇ। ਉਹਨਾਂ ਪਾਰਟੀ ਚ ਸ਼ਾਮਿਲ ਹੋਣ ਸਮੇਂ ਡਾਕਟਰ ਸੁਖਵਿੰਦਰ ਸੁੱਖੀ ਵਿਧਾਇਕ ਹਲਕਾ ਬੰਗਾ ਅਤੇ ਚੇਅਰਪਰਸਨ ਸਤਿੰਦਰ ਕੌਰ ਨੂਰਪੁਰ ਬਲਾਕ ਸੰਮਤੀ ਬੰਗਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨਾਂ ਨੇ ਉਹਨਾਂ ਨੂੰ ਪਾਰਟੀ ਚ ਸ਼ਾਮਿਲ ਹੋਣ ਲਈ ਪ੍ਰੇਰਤ ਕੀਤਾ। ਉਹਨਾਂ ਆਖਿਆ ਕਿ ਮੁੱਖ ਮੰਤਰੀ ਵੱਲੋਂ ਜੋ ਵੀ ਲੋਕਾਂ ਨਾਲ ਵਾਅਦੇ ਕੀਤੇ ਸਨ ਉਹ ਪੂਰੇ ਕੀਤੇ ਜਾ ਰਹੇ ਹਨ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ। ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ ਨੇ ਆਖਿਆ ਕਿ ਦਿਨੇਸ਼ ਸੂਰੀ ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਨੌਜਵਾਨ ਹਨ ਇਹਨਾਂ ਦੇ ਆਉਣ ਦੇ ਨਾਲ ਪਾਰਟੀ ਹੋਰ ਮਜਬੂਤ ਹੋਵੇਗੀ ਇਸ ਮੌਕੇ ਤੇ ਪਵਨਜੀਤ ਸਿੰਘ ਸਿੱਧੂ ਸੰਗਠਨ ਇੰਚਾਰਜ , ਵਿਜੇ ਨਵਾਂ ਸ਼ਹਿਰ ,ਸੋਹਣ ਲਾਲ ਗੋਵਿੰਦਪੁਰ, ਕਰਨ ਗੁਣਾਚੌਰ, ਮੱਖਣ ਸਿੰਘ ਹੰਸਰੋ ਅਤੇ ਹੋਰ ਮੈਂਬਰ ਹਾਜ਼ਰ ਸਨ। ਦਿਨੇਸ਼ ਸੂਰੀ ਦਾ ਆਮ ਆਦਮੀ ਪਾਰਟੀ ਚ ਸ਼ਾਮਿਲ ਹੋਣ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਸਨਮਾਨ ਕਰਦੇ ਹੋਏ।

# ਤੇਲ ਦੀਆਂ ਕੀਮਤਾਂ ਵਧਣ ਕਾਰਨ ਇੰਗਲੈਂਡ ਲਈ ਸਾਰੀਆਂ ਉਡਾਣਾਂ ਰੱਦ

**ਲੈਸਟਰ (ਇੰਗਲੈਂਡ), 2 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਦੀ ਏਅਰਲਾਈਨ ਕੰਪਨੀ ਸ਼ਕੇਬੁਸ ਨੇ ਵਧ ਰਹੀਆਂ ਹਵਾਈ ਇੰਧਨ ਦੀਆਂ ਕੀਮਤਾਂ ਦੇ ਚਲਦਿਆਂ ਲ਼ੋਨਦੋਨ ਆਉਣ ਅਤੇ ਜਾਣ ਵਾਲੀਆਂ ਆਪਣੀਆਂ ਸਾਰੀਆਂ ਉਡਾਣਾਂ ਮੌਜੂਦਾ ਸੀਜ਼ਨ ਲਈ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ। ਕੰਪਨੀ ਦੇ ਇਸ ਅਚਾਨਕ ਫੈਸਲੇ ਨਾਲ ਹਜ਼ਾਰਾਂ ਯਾਤਰੀ ਪ੍ਰਭਾਵਿਤ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ, ਜਿਨ੍ਹਾਂ ਨੇ ਪਹਿਲਾਂ ਹੀ ਆਪਣੀਆਂ ਯਾਤਰਾਵਾਂ ਲਈ ਬੁਕਿੰਗ ਕਰਵਾ ਰੱਖੀ ਸੀ। ਕੰਪਨੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਕੁਝ ਸਮੇਂ ਦੌਰਾਨ ਹਵਾਈ ਇੰਧਨ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਕਾਰਨ ਉਡਾਣਾਂ ਚਲਾਉਣ ਦਾ ਖਰਚਾ ਕਾਫ਼ੀ ਵਧ ਗਿਆ ਹੈ। ਮੌਜੂਦਾ ਆਰਥਿਕ ਹਾਲਾਤਾਂ ਵਿੱਚ ਕੰਪਨੀ ਲਈ ਲੰਡਨ ਰੂਟ ’ਤੇ ਸੇਵਾ ਜਾਰੀ ਰੱਖਣਾ ਵਪਾਰਕ ਤੌਰ ’ਤੇ ਸੰਭਵ ਨਹੀਂ ਰਹਿ ਗਿਆ ਸੀ। ਇਸ ਲਈ ਮੌਜੂਦਾ ਸੀਜ਼ਨ ਦੇ ਬਾਕੀ ਸਮੇਂ ਲਈ ਸਾਰੀਆਂ ਉਡਾਣਾਂ ਅਸਥਾਈ ਤੌਰ ’ਤੇ ਰੱਦ ਕਰਨ ਦਾ ਫੈਸਲਾ ਲਿਆ ਗਿਆ ਹੈ। ਏਅਰਲਾਈਨ ਪ੍ਰਬੰਧਕਾਂ ਨੇ ਦੱਸਿਆ ਕਿ ਇੰਧਨ ਦੀਆਂ ਕੀਮਤਾਂ ਵਿੱਚ ਆਏ ਵਾਧੇ ਦਾ ਸਿੱਧਾ ਅਸਰ ਟਿਕਟਾਂ ਦੀ ਕੀਮਤ ਅਤੇ ਉਡਾਣਾਂ ਦੇ ਸੰਚਾਲਨ ’ਤੇ ਪੈਂਦਾ ਹੈ। ਉਨ੍ਹਾਂ ਮੁਤਾ- ਬਕ ਹਾਲੀਆ ਅੰਤਰਰਾਸ਼ਟਰੀ ਤਣਾਅ ਅਤੇ ਮੱਧ-ਪੂਰਬ ਵਿੱਚ ਚੱਲ ਰਹੀ ਅਸਥਿਰਤਾ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਵੀ ਉਤਾਰ-ਚੜ੍ਹਾਅ ਦੇਖਿਆ ਜਾ ਰਿਹਾ ਹੈ, ਜਿਸ ਨਾਲ ਹਵਾਈ ਯਾਤਰਾ ਉਦਯੋਗ ’ਤੇ ਵਾਧੂ ਦਬਾਅ ਬਣਿਆ ਹੋਇਆ ਹੈ। ਕੰਪਨੀ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਯਾਤਰੀਆਂ ਨੇ ਪਹਿਲਾਂ ਹੀ ਟਿਕਟਾਂ ਬੁੱਕ ਕਰਵਾ ਲਈਆਂ ਹਨ, ਉਨ੍ਹਾਂ ਨੂੰ ਰਿਫੰਡ ਜਾਂ ਵਿਕਲਪਕ ਯਾਤਰਾ ਦੀ ਸਹੂਲਤ ਦਿੱਤੀ ਜਾਵੇਗੀ। ਪ੍ਰਭਾਵਿਤ ਯਾਤਰੀਆਂ ਨੂੰ ਕੰਪਨੀ ਵੱਲੋਂ ਸੰਪਰਕ ਕਰਕੇ ਅਗਲੇ ਕਦਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਹਵਾਈ ਯਾਤਰਾ ਖੇਤਰ ਦੇ ਵਿਸ਼ੇਸ਼ਗਿਆਨਾਂ ਦਾ ਮੰਨਣਾ ਹੈ ਕਿ ਜੇ ਇੰਧਨ ਦੀਆਂ ਕੀਮਤਾਂ ਵਿੱਚ ਵਾਧਾ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਏਅਰਲਾਈਨ ਕੰਪਨੀਆਂ ਨੂੰ ਆਪਣੇ ਰੂਟਾਂ ਵਿੱਚ ਕਟੌਤੀ ਕਰਨੀ ਪੈ ਸਕਦੀ ਹੈ। ਉਨ੍ਹਾਂ ਦੇ ਅਨੁਸਾਰ ਇਹ ਹਾਲਾਤ ਯਾਤਰੀਆਂ ਲਈ ਟਿਕਟਾਂ ਮਹਿੰਗੀਆਂ ਹੋਣ ਅਤੇ ਉਡਾਣਾਂ ਦੀ ਗਿਣਤੀ ਘਟਣ ਦਾ ਕਾਰਨ ਬਣ ਸਕਦੇ ਹਨ।

# ਸਰਕਾਰੀ ਪ੍ਰਾਇਮਰੀ ਸਕੂਲ ਬੁਰਜ ਨਕਲੀਆਂ ਵਿਖੇ ਵਿੱਦਿਅਕ ਸੈਸ਼ਨ 2025- 26 ਦਾ ਸਲਾਨਾ ਸਮਾਗਮ ਕਰਵਾਇਆ ਗਿਆ



**ਰਾਏਕੋਟ, 2 ਅਪ੍ਰੈਲ (ਗੁਰਭਿੰਦਰ ਗੁਰੀ)** ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਬੁਰਜ ਨਕਲੀਆਂ ਵਿਖੇ ਵਿੱਦਿਅਕ ਸੈਸ਼ਨ 2025- 26 ਦਾ ਸਲਾਨਾ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਮਿਡਲ ਸਕੂਲ ਵੱਲੋਂ ਸਾਂਝੇ ਤੌਰ ਤੇ ਕਰਵਾਇਆ ਗਿਆ। ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਉਪਰੰਤ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਮਿਡਲ ਸਕੂਲ ਦੇ ਵਿਦਿਆਰਥੀਆਂ ਨੂੰ ਪੁਜੀਸ਼ਨਾਂ ਹਾਸਲ ਕਰਨ ਤੇ ਪਿੰਡ ਦੇ ਪਤਵੰਤਿਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਸਨਮਾਨ ਚਿੰਨ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਮੌਕੇ ਸਰਪੰਚ ਗੁਰਜੰਟ ਸਿੰਘ, ਸੁਖਦੇਵ ਸਿੰਘ ਮੈਂਬਰ, ਸਾਬਕਾ ਸਰਪੰਚ ਕੁਲਦੀਪ ਸਿੰਘ, ਸੋਹਣ ਸਿੰਘ, ਚਰਨ ਸਿੰਘ, ਗੁਰਚਰਨ ਸਿੰਘ, ਛਿੰਦਰਪਾਲ ਸਿੰਘ, ਡਾਕਟਰ ਗੁਰਚਰਨ ਸਿੰਘ, ਡਾਕਟਰ ਪਰਮਜੀਤ ਸਿੰਘ, ਮਾਸਟਰ ਜਸਮੇਲ ਸਿੰਘ, ਸਕੂਲ ਸਟਾਫ ਮਨਦੀਪ ਸਿੰਘ ਐਚਟੀ ,ਕੇਸਰ ਸਿੰਘ ,ਲਖਵੀਰ ਕੌਰ, ਮਨਿੰਦਰ ਕੌਰ ,ਹਰਵਿੰਦਰ ਕੌਰ ਆਦਿ ਹਾਜ਼ਰ ਸਨ।

# ਪਟੇਲ ਹਸਪਤਾਲ ਵਿੱਚ ਸਫਲ ਘੁੱਟਨਾ ਸਰਜਰੀ, ਡਾ: ਅਤੁਲ ਰਾਏ ਸ਼ਰਮਾ ਨੇ ਮਰੀਜ਼ ਨੂੰ ਦਿੱਤੀ ਨਵੀਂ ਉਮੀਦ



**ਲੁਧਿਆਣਾ 2 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਪਟੇਲ ਹਸਪਤਾਲ ਵਿੱਚ ਜੋਇੰਟ ਸਪੈਸ਼ਲਿਸਟ ਡਾ: ਅਤੁਲ ਰਾਏ ਸ਼ਰਮਾ ਵੱਲੋਂ ਇੱਕ ਜਟਿਲ ਘੁੱਟਨੇ ਦੀ ਸਰਜਰੀ ਸਫਲਤਾਪੂਰਵਕ ਕਰਕੇ ਮਰੀਜ਼ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਮਰੀਜ਼ ਕੈਲਾਸ਼ ਚੰਦਰ, ਜੋ ਕਿ (ਐਫਸੀਆਈ) ਵਿੱਚ ਮੈਨੇਜਰ ਵਜੋਂ ਕੰਮ ਕਰਦੇ ਹਨ, ਪਹਿਲਾਂ ਕਿਸੇ ਹੋਰ ਹਸਪਤਾਲ ਵਿੱਚ ਘੁੱਟਨੇ ਦੀ ਸਰਜਰੀ ਕਰਵਾ ਚੁੱਕੇ ਸਨ, ਪਰ ਉਹ ਓਪਰੇਸ਼ਨ ਸਫਲ ਨਹੀਂ ਰਿਹਾ ਸੀ। ਇਸ ਕਾਰਨ ਉਹਨਾਂ ਨੂੰ ਲਗਾਤਾਰ ਦਰਦ ਅਤੇ ਤੁਰਨ-ਫਿਰਨ ਵਿੱਚ ਕਾਫੀ ਦਿੱਕਤ ਆ ਰਹੀ ਸੀ। ਬਾਅਦ ਵਿੱਚ ਉਹਨਾਂ ਨੇ ਪਟੇਲ ਹਸਪਤਾਲ ਵਿੱਚ ਡਾ: ਅਤੁਲ ਰਾਏ ਸ਼ਰਮਾ ਨਾਲ ਸੰਪਰਕ ਕੀਤਾ। ਡਾਕਟਰ ਨੇ ਪੂਰੀ ਜਾਂਚ ਕਰਨ ਤੋਂ ਬਾਅਦ ਘੁੱਟਨੇ ਦੀ ਸਥਿਤੀ ਨੂੰ ਸਮਝਦਿਆਂ ਦੁਬਾਰਾ ਸਰਜਰੀ ਕਰਨ ਦਾ ਫੈਸਲਾ ਕੀਤਾ। ਡਾ: ਸ਼ਰਮਾ ਨੇ ਘੁੱਟਨੇ ਨੂੰ ਠੀਕ ਸਥਿਤੀ ਵਿੱਚ ਲਿਆਂਦੇ ਹੋਏ ਸਫਲਤਾਪੂਰਵਕ ਓਪਰੇਸ਼ਨ ਕੀਤਾ, ਜਿਸ ਤੋਂ ਬਾਅਦ ਮਰੀਜ਼ ਦੀ ਹਾਲਤ ਵਿੱਚ ਕਾਫੀ ਸੁਧਾਰ ਵੇਖਣ ਨੂੰ ਮਿਲਿਆ। ਮਰੀਜ਼ ਨੇ ਡਾਕਟਰ ਅਤੇ ਹਸਪਤਾਲ ਦੀ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਹੁਣ ਉਹਨਾਂ ਨੂੰ ਪਹਿਲਾਂ ਨਾਲੋਂ ਕਾਫ਼ੀ ਰਾਹਤ ਮਹਿਸੂਸ ਹੋ ਰਹੀ ਹੈ। ਹਸਪਤਾਲ ਪ੍ਰਬੰਧਨ ਅਨੁਸਾਰ, ਇਹ ਸਰਜਰੀ ਜਟਿਲ ਮਾਮਲਿਆਂ ਵਿੱਚ ਡਾਕਟਰਾਂ ਦੀ ਮਹਾਰਤ ਅਤੇ ਆਧੁਨਿਕ ਤਕਨੀਕਾਂ ਦਾ ਵਧੀਆ ਉਦਾਹਰਨ ਹੈ, ਜਿਸ ਨਾਲ ਮਰੀਜ਼ਾਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ।

# ਮਿਰਗੀ ਮਰੀਜ਼ਾਂ ਦੀ ਜ਼ਿੰਦਗੀ ਬਦਲ ਰਿਹਾ ਸਟਾਪ ਐਪੀਲੈਪਸੀ ਪ੍ਰੋਜੈਕਟ : ਡਾ. ਗਗਨਦੀਪ ਸਿੰਘ

## ਸਿਹਤ ਬਲਾਕ ਬਲਾਚੌਰ ਤੇ ਸੜੋਆ ਦੀਆਂ ਆਸ਼ਾ ਵਰਕਰਾਂ ਅਤੇ ਆਸ਼ਾ ਫੈਸੀਲੀਟੇਟਰਾਂ ਦੀ ਸਮਰੱਥਾ ਵਧਾਉਣ ਲਈ ਟ੍ਰੇਨਿੰਗ ਆਯੋਜਿਤ

**ਨਵਾਂਸ਼ਹਿਰ, 2 ਅਪ੍ਰੈਲ (ਮਨੋਰੰਜਨ ਕਾਲੀਆ) :** ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਵੱਲੋਂ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ "ਸਟਾਪ ਐਪੀਲੈਪਸੀ ਪ੍ਰੋਜੈਕਟ" ਤਹਿਤ ਮਿਰਗੀ ਦੇ ਮਰੀਜ਼ਾਂ ਨੂੰ ਬਿਹਤਰ ਅਤੇ ਪਹੁੰਚਯੋਗ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਿਵਲ ਸਰਜਨ ਦਫਤਰ ਵਿਖੇ ਬਲਾਚੌਰ ਤੇ ਸੜੋਆ ਸਿਹਤ ਬਲਾਕਾਂ ਨਾਲ ਸਬੰਧਤ ਆਸ਼ਾ ਵਰਕਰਾਂ ਅਤੇ ਆਸ਼ਾ ਫੈਸੀਲੀਟੇਟਰਾਂ ਲਈ ਸਮਰੱਥਾ ਨਿਰਮਾਣ ਟ੍ਰੇਨਿੰਗ ਕਰਵਾਈ ਗਈ। ਟ੍ਰੇਨਿੰਗ ਦੌਰਾਨ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਦੇ ਨਿਊਰੋਲੋਜੀ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਗਗਨਦੀਪ ਸਿੰਘ ਨੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਟਾਪ ਐਪੀਲੈਪਸੀ ਪ੍ਰੋਜੈਕਟ ਮਿਰਗੀ ਮਰੀਜ਼ਾਂ ਲਈ ਨਵੀਂ ਉਮੀਦ ਬਣਿਆ ਹੈ। ਉਨ੍ਹਾਂ ਦੱਸਿਆ ਕਿ ਮਿਰਗੀ ਦਿਮਾਗ ਦੀ ਤੰਤੂ ਪ੍ਰਣਾਲੀ ਨਾਲ ਜੁੜੀ ਇੱਕ ਗੰਭੀਰ ਅਵਸਥਾ ਹੈ, ਜਿਸਦਾ ਸਹੀ ਅਤੇ ਲਗਾਤਾਰ ਇਲਾਜ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਮਰੀਜ਼ਾਂ ਨੂੰ ਦਵਾਈ ਦੀ ਕੋਈ ਵੀ ਖੁਰਾਕ ਛੱਡਣ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਦੌਰੇ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮਿਰਗੀ ਦੀ ਸਮੇਂ ਸਿਰ ਪਛਾਣ ਅਤੇ ਵਿਗਿਆਨਕ ਢੰਗ ਨਾਲ ਇਲਾਜ ਕਰਨ ਨਾਲ ਲਗਭਗ 70 ਪ੍ਰਤੀਸ਼ਤ ਮਰੀਜ਼ ਸਾਧਾਰਣ ਜੀਵਨ ਬਤੀਤ ਕਰ ਸਕਦੇ ਹਨ। ਮਿਰਗੀ ਦੇ ਸੰਭਾਵਿਤ ਕਾਰਨਾਂ ਵਿੱਚ ਦਿਮਾਗੀ ਚੋਟ, ਟਿਊਮਰ, ਇੰਫੈਕਸ਼ਨ, ਤਣਾਅ, ਦਿਮਾਗੀ ਸੋਜ, ਲਹੂ ਨਾੜੀਆਂ ਦੇ ਰੋਗ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਆਦਿ ਸ਼ਾਮਲ ਹਨ। ਮਿਰਗੀ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਅਚਾਨਕ ਬੇਹੋਸ਼ ਹੋ ਜਾਣਾ, ਸਰੀਰ ਵਿੱਚ ਖਿੱਚ ਜਾਂ ਆਕੜ, ਝਟਕੇ ਆਉਣਾ, ਮੂੰਹ ਵਿੱਚੋਂ ਝੱਗ ਨਿਕਲਣਾ, ਦੰਦ ਭਿੰਚ ਜਾਣਾ, ਪਿਸ਼ਾਬ 'ਤੇ ਕਾਬੂ ਨਾ ਰਹਿਣਾ ਅਤੇ ਜੀਭ ਨੂੰ ਚੋਟ ਲੱਗਣਾ ਆਮ ਲੱਛਣ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਦੌਰੇ ਦੀ ਸਥਿਤੀ ਵਿੱਚ ਤੁਰੰਤ ਮੁੱਢਲੀ ਸਹਾਇਤਾ ਦੇ ਕੇ ਮਰੀਜ਼ ਦੀ ਹਾਲਤ ਨੂੰ ਸੰਭਾਲਿਆ ਜਾ ਸਕਦਾ ਹੈ। ਡਾ. ਗਗਨਦੀਪ ਸਿੰਘ ਨੇ ਕਿਹਾ ਕਿ ਮਿਰਗੀ ਸਬੰਧੀ ਸਮਾਜ ਵਿੱਚ ਮੌਜੂਦ ਭਰਮ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਮਰੀਜ਼ ਬਿਨਾ ਡਰ ਅਤੇ ਸੰਕੋਚ ਦੇ ਇਲਾਜ ਲੈ ਸਕਣ ਅਤੇ ਆਮ ਜੀਵਨ ਜੀ ਸਕਣ। ਉਨ੍ਹਾਂ ਕਿਹਾ ਕਿ ਅਸੀਂ ਸਟਾਪ ਐਪੀਲੈਪਸੀ ਪ੍ਰੋਜੈਕਟ ਤਹਿਤ ਮਿਰਗੀ ਦੇ ਮਰੀਜ਼ਾਂ ਦੀ ਜੀਵਨ ਗੁਣਵੱਤਾ ਸੁਧਾਰਨ ਲਈ ਯਤਨਸ਼ੀਲ ਹਾਂ।



ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ, ਪ੍ਰੋਜੈਕਟ ਨਾਲ ਸੰਬੰਧਿਤ ਰਿਸਰਚ ਐਸੋਸੀਏਟ ਸਰਿਸ਼ਟੀ ਵਰਮਾ ਅਤੇ ਬੱਬਲਜੀਤ ਸਿੰਘ ਸਮੇਤ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਸਟਾਫ ਹਾਜ਼ਰ ਸਨ।

# ਰਾਇਤ ਇੰਟਰਨੈਸ਼ਨਲ ਸਕੂਲ ਵਿੱਚ ਨਵੇਂ ਵਿਦਿਆਰਥੀਆਂ ਲਈ ਸਵਾਗਤੀ ਸਮਾਰੋਹ ਆਯੋਜਿਤ

**ਨਵਾਂਸ਼ਹਿਰ /ਕਾਠਗੜ੍ਹ 2 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਰਾਇਤ ਇੰਟਰਨੈਸ਼ਨਲ ਸਕੂਲ ਰੈਲਮਾਜਰਾ ਵਿਖੇ ਬਹੁਤ ਹੀ ਉਤਸ਼ਾਹ ਨਾਲ ਨਵੇਂ ਆਏ ਵਿਦਿਆਰਥੀਆਂ ਲਈ ਸਵਾਗਤੀ ਸਮਾਰੋਹ ਆਯੋਜਿਤ ਕਰਵਾਇਆ ਗਿਆ । ਇਸ ਸ਼ੁਭ ਮੌਕੇ ਤੇ ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਸਕੂਲ ਨੂੰ ਗੁਬਾਰਿਆ ਨਾਲ ਸਜਾਇਆ ਗਿਆ। ਇਸ ਪ੍ਰੋਗਰਾਮ ਦਾ ਆਰੰਭ ਸਵੇਰ ਦੀ ਸਭਾ ਨਾਲ ਹੋਇਆ । ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਮਨਮੋਹਕ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ । ਰਿਆਤ ਐਜੂਕੇਸ਼ਨਲ ਐਂਡ ਰਿਸਰਚ ਟਰੱਸਟ ਦੇ ਚੇਅਰਮੈਨ ਅਤੇ ਲੈਮਰਿਨ ਟੈਕ ਸਕਿਲਜ ਯੂਨੀਵਰਸਿਟੀ ਪੰਜਾਬ ਦੇ ਚਾਂਸਲਰ ਸ੍ਰੀ ਨਿਰਮਲ ਸਿੰਘ ਰਾਇਤ ਜੀ ਨੇ ਸੰਸਥਾ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਪ੍ਰੇਰਣਾਦਾਇਕ ਭਾਸ਼ਣ ਉਪਹਾਰ ਦੇ ਕੇ ਉਨਾਂ ਦਾ ਹੌਸਲਾ ਵਧਾਇਆ ਅਤੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਤੀ ਉਤਸਾਹਿਤ ਕੀਤਾ। ਇਸ ਸ਼ੁਭ ਮੌਕੇ ਤੇ ਜਨਮ ਦਿਨ ਵਾਲੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਅਧਿਆਪਕਾਂ ਦੁਆਰਾ ਨਵੇਂ ਆਏ ਵਿਦਿਆਰਥੀਆਂ ਦਾ ਤਿਲਕ ਲਗਾ ਕੇ ਸਵਾਗਤ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲ ਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸਕੂਲ ਵਿੱਚ ਹਵਨ ਕਰਵਾਇਆ ਗਿਆ । ਲੈਮਰਿਨ ਟੈਕ ਸਕਿਲਜ ਯੂਨੀਵਰਸਿਟੀ ਦੇ ਰਜਿਸਟਰਾਰ ਸ੍ਰੀ ਬੀ.ਐਸ. ਸਤਿਆਲ ਨੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਅਤੇ ਉਨਾਂ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ। ਇਸ ਸ਼ੁਭ ਮੌਕੇ ਤੇ ਸਕੂਲ ਪ੍ਰਿੰਸੀਪਲ ਸ੍ਰੀ ਨਵੀਨ ਜੋਸ਼ੀ, ਨੀਰੂ ਸ਼ਰਮਾ, ਪ੍ਰਭਜੋਤ ਕੌਰ, ਸਤਵਿੰਦਰ ਕੌਰ, ਪੂਨਮ ਸ਼ਰਮਾ, ਰਮਨੀਤ ਕੌਰ ਅਤੇ ਹੋਰ ਅਧਿਆਪਕ,ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ ।



## ਕਿਸਾਨਾਂ ਤੇਰੀ ਜੂਨ



ਪੱਕੀਆਂ ਕਣਕਾਂ ਮੀਂਹ ਹਨੇਰੀ ,
ਗੜਿਆਂ ਦੀ ਬਰਸਾਤ ਹੋਈ ।
ਅੰਨਦਾਤੇ ਦੇ ਦਿਲੋ ਦਿਮਾਗ 'ਚ ,
ਕਾਲ਼ੀ ਬੋਲ਼ੀ ਰਾਤ ਹੋਈ ।
ਖੇਤੀਬਾੜੀ ਨਾਲ਼ ਜੁੜੀ ਹੈ ,
ਦੇਸ਼ ਕੌਮ ਦੀ ਅਰਥ ਵਿਵਸਥਾ;
ਹਾਕਮ ਮੁੱਢ ਤੋਂ ਹੀ ਨੇ ਦੋਖੀ ,
ਕਹਿਰਵਾਨ ਕਾਇਨਾਤ ਹੋਈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

## ਪੰਜਾਬ ਬਨਾਮ ਵਾਸੇਪੁਰ

ਚੱਲੇ ਜ਼ੋਰਾ ਪੇਸ਼ ਨਾ ਕੋਈ, ਦਿਸਦਾ ਇੱਥੇ ਸੇਫ ਨਾ ਕੋਈ ,
ਨਹੀਂ ਡਰ ਕਾਨੂੰਨ ਦਾ ਰੱਤੀ,ਲਾਹੀ ਚੋਰਾਂ ਸ਼ਰਮ ਦੀ ਲੋਈ,
ਪ੍ਰਸ਼ਾਸਨ ਸੱਚੀਂ ਬੇਵੱਸ ਜਾਪੇ,ਗੁੰਡਿਆਂ ਸੀਨਾ ਤਣਿਆ ਏ,
ਕੈਸੀ ਪੁੱਠੀ ਹਵਾ ਹੈ ਚੱਲੀ,ਪੰਜਾਬ ਵਾਸੇਪੁਰ ਬਣਿਆ ਏ।

ਲੁੱਟਾਂ ਖੋਹਾਂ ਕਤਲੋ ਗਾਰਤ, ਛੀਨਾ ਝਪਟੀ ਜੋਰਾਂ ਤੇ,
ਵੱਢੀਖੋਰੇ ਮੁਨਸਬ ਹੋਏ , ਜ਼ੋਰ ਚੱਲੇ ਕਿੰਝ ਚੋਰਾਂ ਤੇ,
ਨਿੱਘੇ ਰਿਸ਼ਤੇ ਮੁੱਕ ਗਏ, ਪੁੱਛਦੇ ਨਾ ਜਿਸ ਜਣਿਆ ਏ,
ਕੈਸੀ ਪੁੱਠੀ ਹਵਾ ਹੈ ਚੱਲੀ,ਪੰਜਾਬ ਵਾਸੇਪੁਰ ਬਣਿਆ ਏ ।

ਗੁਰੂਆਂ ਪੀਰਾਂ ਦੀ ਧਰਤੀ ਤੇ, ਰੱਤ ਡੁੱਲ੍ਹੇ ਨਿੱਤ ਬੰਦੇ ਦੀ,
ਦਰਜਨਾਂ ਨਿੱਤ ਜਨਾਜੇ ਉੱਠਣ, ਮਾਰ ਚਿੱਟੇ ਦੇ ਧੰਦੇ ਦੀ,
ਸੋਨਾ ਉੱਗਲਦੀ ਧਰਤ ਨੂੰ, ਰੱਤ ਨਾਲ਼ ਕਿਸ ਸਣਿਆ ਏ,
ਕੈਸੀ ਪੁੱਠੀ ਹਵਾ ਹੈ ਚੱਲੀ,ਪੰਜਾਬ ਵਾਸੇਪੁਰ ਬਣਿਆ ਏ।

ਪਈ ਹੈ ਸਭ ਨੂੰ ਆਪੋ ਧਾਪੀ, ਕੌਣ ਸੋਚਦਾ ਨਸਲਾਂ ਦਾ,
"ਖਾਲੜਾ" ਬੱਸ ਸੱਚਾ ਰੱਬ ਰਾਖਾ,ਕੁੱਖਾਂ ਪੁੱਤਾਂ ਫ਼ਸਲਾਂ ਦਾ,
ਕਿਸ ਚੰਦਰੇ ਨੇ ਕੀਤੀ ਸਾਜ਼ਿਸ,ਕਿਸਨੇ ਤਾਣਾ ਤਣਿਆ ਏ,
ਕੈਸੀ ਪੁੱਠੀ ਹਵਾ ਹੈ ਚੱਲੀ,ਪੰਜਾਬ ਵਾਸੇਪੁਰ ਬਣਿਆ ਏ।



**"ਦੇਬੀ ਖਾਲੜਾ"**
**੯੪੩੬੧੩੧੨੫੫**

## ਟਰਮੀਨੇਟ

ਮੈਂ ਜਦੋਂ ਵੀ ਟਰਮੀਨੇਟ ਹੋ ਜਾਵਾਂਗਾ,
ਕਿੰਝ ਆਪਣੇ ਆਪ ਨੂੰ ਸਮਝਾਵਾਂਗਾ।
ਜ਼ਾਲਮ ਲੋਕਾਂ ਤੇ ਸਰਕਾਰਾਂ ਦੇ ਹੱਥੋਂ,
ਸੋਚਿਆ ਨਹੀਂ, ਇੰਝ ਹਰ ਜਾਵਾਂਗਾ।
ਅਨਿਆਂ ਹੀ ਦਿੱਤਾ ਅਦਾਲਤਾਂ ਵੀ,
ਨਿਆਂ ਮੰਗਣ ਮੈਂ ਕਿੱਥੇ ਜਾਵਾਂਗਾ।
ਸਾਰੀ ਜਿੰਦਗੀ ਲਾਈ ਜਿਸਦੇ ਲੇਖੇ,
ਪਤਾ ਨਹੀਂ ਸੀ ਇਹ ਮੁੱਲ ਪਾਵਾਂਗਾ।
ਕਿਸ ਕੋਨੇ ਚ ਰੋਵਾਂਗਾ ਮੈਂ ਲੁੱਕ ਕੇ,
ਦਿਲ ਕਿਸਨੂੰ ਫ਼ਰੋਲ ਵਿਖਾਵਾਂਗਾ।
ਕਿੰਝ ਰੋਵਾਂਗਾ ਧਾਹਾਂ ਮਾਰ ਕੇ, ਜਾਂ
ਧੁਰ ਅੰਦਰੋਂ ਚੀਕਾਂਗਾ ਕੁਰਲਾਵਾਂਗਾ।
ਇਹ ਵੀ ਸਮਝ ਨਹੀਂ ਹੈ ਮੈਨੂੰ ਤਾਂ,
ਇਹ ਸਭ ਸਹਿਣ ਵੀ ਕਰ ਪਾਵਾਂਗਾ!
ਤੇਰੀਆਂ ਅੱਖਾਂ ਦੇ ਸੁਪਨੇ ਸੁੱਕ ਜਾਣ,
ਮਾਏ ਮੇਰੀਏ ਇਹ ਨਾ ਜਰ ਪਾਵਾਂਗਾ।
ਧੀਏ ਮੇਰੀਏ ਨਿਕੜੀਏ ਬਾਲੜੀਏ,
ਸੋਚਿਆ ਸੀ ਤੇਰਾ ਭਵਿੱਖ ਸਵਾਰਾਂਗਾ,
ਪਰ ਮਾਫ਼ ਕਰੀਂ ਮੈਨੂੰ ਧੀਏ ਮੇਰੀਏ,
ਹੁਣ ਮੈਂ ਕੁੱਝ ਵੀ ਨਾ ਕਰ ਪਾਵਾਂਗਾ।
ਤੇਰੀਆਂ ਨਿੱਕੀਆਂ ਨਿੱਕੀਆਂ ਗੱਲਾਂ,
ਹੁਣ ਮੈਂ ਸ਼ਾਇਦ ਹੀ ਸੁਣ ਪਾਵਾਂਗਾ।
ਤੇਰੇ ਸੁਪਨੇ ਪੂਰੇ ਕਰਦਾ ਕਰਦਾ,
ਮੈਂ ਖੁੱਦ ਸੁਪਨਾ ਹੀ ਬਣ ਜਾਵਾਂਗਾ।
ਮੈਂ ਜਦੋਂ ਵੀ ਟਰਮੀਨੇਟ ਹੋ ਜਾਵਾਂਗਾ
ਇਹ ਨਾ ਸੋਚੀਂ, ਮੈਂ ਮੁੜ ਆਵਾਂਗਾ।
ਨਾ ਲੱਭੀ ਮਾਏ ਲਾਲ ਗਵਾਚਿਆ,
ਮੈਂ ਮਿੱਟੀ ਦੇ ਵਿੱਚ ਰਲ਼ ਜਾਵਾਂਗਾ।



**ਡਾ. ਬਲਜਿੰਦਰ ਕੁਮਾਰ ਕੰਬੋਜ**
**ਸਹਾਇਕ ਪ੍ਰੋਫ਼ੈਸਰ, ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ**

## ਤੇਰੇ ਨਾਂ ਦੀ ਛਾਂ...

ਛਾਵਾਂ ਚੋਂ ਪ੍ਰਛਾਵੇਂ ਲੱਭਦਾ,
ਮੈਨੂੰ ਸਿਰਫ਼ ਤੂੰ ਹੀ ਦਿੱਸਦੀ ਏ,
ਹਰ ਖ਼ਿਆਲ ਦੇ ਦਰਿਆ ਅੰਦਰ,
ਮੇਰੀ ਰੂਹ ਤੈਨੂੰ ਹੀ ਲਿਖਦੀ ਏ।
ਬਿਰਖ ਬਣ ਕੇ ਖੜਾ ਹਾਂ ਮੈਂ,
ਤੇਰੇ ਲਈ ਛਾਂ ਬਣ ਜਾਵਾਂ,
ਤੂੰ ਧੁੱਪਾਂ ਵਿੱਚ ਥੱਕ ਜਾਵੀਂ ਜੇ,
ਆਪਣੇ ਹੱਥਾਂ ਨਾਲ ਸਹਲਾ ਜਾਵਾਂ।
ਰਾਹਾਂ ਚਾਹੇ ਲੰਮੀਆਂ ਹੋਣ,
ਮਾਰੂਥਲ ਵਰਗੀਆਂ ਸੁੱਕੀਆਂ ਵੀ,
ਤੇਰੇ ਨਾਲ ਹੋਵਾਂ ਤਾਂ ਲੱਗਦਾ,
ਹਰ ਮੁਸ਼ਕਲ ਵੀ ਮੁਸਕਾਂਦੀ ਏ।
ਸਮੁੰਦਰ ਵਰਗਾ ਪਿਆਰ ਮੇਰਾ,
ਗਹਿਰਾਈ ਕੋਈ ਮਾਪ ਨਾ ਸਕੇ,
ਤੂੰ ਇਕ ਵਾਰੀ ਵੇਖ ਤਾਂ ਸਹੀ,
ਇਹ ਦਿਲ ਤੇਰੇ ਬਿਨਾ ਰਿਹ ਨਾ ਸਕੇ।
ਰਿਸ਼ਤਿਆਂ ਦੀ ਮਿੱਠੀ ਖੁਸ਼ਬੂ,
ਸਾਡੀ ਸਾਂਝ ਵਿੱਚ ਵੱਸਦੀ ਏ,
ਤੂੰ ਦੂਰ ਵੀ ਹੋਵੇਂ ਜੇ ਕਦੇ,
ਮੇਰੀ ਧੜਕਨ 'ਚ ਹੀ ਰਹਿੰਦੀ ਏ।
ਬੇਗੈਰਤੀਆਂ ਵਾਲੀ ਦੁਨੀਆ 'ਚ,
ਸੱਚਾ ਪਿਆਰ ਗੁੰਮ ਹੋ ਜਾਂਦਾ,
ਪਰ ਮੈਂ ਤੈਨੂੰ ਵਾਅਦਾ ਕਰਦਾ,
ਸਾਡਾ ਰਿਸ਼ਤਾ ਕਦੇ ਨਾ ਮੁਰਝਾਂਦਾ।



**ਗੁਰਭਿੰਦਰ ਗੁਰੀ**

## ਸਮਝੌਤਿਆਂ ਦੀ ਪੰਡ

ਮਜਬੂਰੀਆਂ ਦੀ ਮੰਡੀ ਅੰਦਰ, ਰੋਜ਼ ਨਿਲਾਮੀ ਹੁੰਦੀ ਏ,
ਕਿਤੇ ਵਿਕਦਾ ਮਾਸ ਜਿਸਮ ਦਾ, ਅਣਖ ਵੀ ਰੰਡੀ ਹੁੰਦੀ ਏ।
ਸਿਰ 'ਤੇ ਪੰਡ ਸਮਝੌਤਿਆਂ ਦੀ, ਕੋਈ ਗ਼ਮ ਦਾ ਭਾਰ ਹੰਢਾਉਂਦਾ ਏ,
ਕਿਹੋ ਜਿਹੀ ਇਹ ਬਸਤੀ ਜਿੱਥੇ, ਬੰਦਾ ਮੁੱਖ ਪਰਤਾਉਂਦਾ ਏ।
ਭੋਲੇ ਲੋਕਾਂ ਨੂੰ ਕਦ, ਹੰਸ ਤੇ ਬਗਲਿਆਂ ਦੀ ਪਛਾਣ ਹੁੰਦੀ ਏ,
ਧੋਖਿਆਂ ਦੇ ਇਸ ਆਲਮ ਵਿੱਚ, ਰੂਹ ਵੀ ਲਹੂ-ਲੁਹਾਣ ਹੁੰਦੀ ਏ।
ਬਾਬਲ ਦੇ ਵਿਹੜੇ ਦੀਆਂ ਮਹਿਕਾਂ, ਸਾਂਭਣ ਲਈ ਅਸੀਂ ਪੱਥਰ ਹੋਏ,
ਪੱਤ ਦੀ ਰਾਖੀ ਕਰਦੇ-ਕਰਦੇ, ਅੰਗਿਆਰਾਂ ਤੇ ਤੁਰਦੇ ਰੋਏ।
ਨਕਲੀ ਹਾਸੇ ਪਿੱਛੇ ਇੱਥੇ, ਪਲਦੀ ਨਿੱਤ ਬਦਨਾਮੀ ਏ,
ਅਣਖਾਂ ਦੇ ਜਿੱਥੇ ਭਾਬੜ ਬਲਦੇ, ਖੂਨ ਦੀ ਹੁੰਦੀ ਖੁਨਾਮੀ ਏ।
ਲੀੜਿਆਂ ਦੀ ਹੀ ਕੀਮਤ ਪੈਂਦੀ, ਕਿਰਦਾਰ ਕੌਡੀਆਂ ਵਿਕਦੇ ਨੇ,
ਅੰਦਰੋਂ ਦਿਲ ਕੋਲੇ ਦੀਆਂ ਖਾਨਾਂ, ਬਾਹਰੋਂ ਚਿੱਟੇ ਦਿਸਦੇ ਨੇ।
ਪਰਦੇ ਉੱਤੇ ਅੱਧ-ਨੰਗੀ ਹੋ ਕੇ, ਅਦਾਕਾਰਾ ਬਣਦੀ ਕੋਈ,
ਢਿੱਡ ਦੀ ਭੁੱਖ ਨੇ ਨਜ਼ਰਾਂ ਦੇ ਵਿੱਚ, ਚਾੜ੍ਹ ਦਿੱਤੀ ਹੈ ਬੰਦੀ ਕੋਈ।
ਬੰਦਾ ਤਾਂ ਬਸ ਬਾਲਣ ਬਣਿਆ, ਪੋਥੀ ਚਾਹੀਦੀ ਸਲਾਮਤ ਜੀ,
ਕਲਯੁਗ ਦੀ ਇਸ ਬਸਤੀ ਅੰਦਰ, ਸੱਚ ਦੀ ਆਈ ਸ਼ਾਮਤ ਜੀ।
ਜੋ ਝੁਕਦੇ ਨਹੀਂ ਉਹਨੂੰ ਵੱਢ ਸੁੱਟਦੇ, ਇਹ ਧਰਮਾਂ ਦਾ ਦਸਤੂਰ ਹੋਇਆ,
ਬੰਦੇ ਦੀ ਕੀ ਹਸਤੀ ਜਿੱਥੇ, ਹਾਕਮ ਨੂੰ ਗਰੂਰ ਹੋਇਆ।
ਨੇੜੇ ਹੁੰਦਿਆਂ ਦੂਰ ਕਈ ਨੇਂ, ਕੋਈ ਦੂਰ ਹੋ ਕੇ ਵੀ ਕੋਲ ਜਿਹਾ,
ਵਿਕਦੇ ਵੇਖੇ ਰਿਸ਼ਤੇ-ਨਾਤੇ, ਤੱਕੜੀ ਵਿੱਚ ਜਿਉ ਝੋਲ ਜਿਹਾ।
'ਖਿੱਚੀ' ਇੱਥੇ ਹਰ ਕੋਈ ਮਜਬੂਰ ਹੈ, ਕਿਸ ਨੂੰ ਦੋਸ਼ ਸੁਣਾਈਏ ਜੀ?
ਅੰਦਰੋਂ ਜਿਹੜੇ ਮਰ ਚੁੱਕੇ ਨੇ, ਉਹਨਾਂ ਨੂੰ ਕੀ ਜਿਵਾਈਏ ਜੀ?
ਅੰਦਰੋਂ ਜਿਹੜੇ ਮਰ ਚੁੱਕੇ ਨੇ, ਉਹਨਾਂ ਨੂੰ ਕੀ ਜਿਵਾਈਏ ਜੀ...



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**



# ਪੰਜਾਬ ਵਿੱਚ ਗਰੀਬ ਮਜ਼ਲੂਮ ਅਤੇ ਦਲਿਤਾਂ ਤੇ ਜ਼ੁਲਮ ਬਰਦਾਸ਼ਤ ਨਹੀਂ ਕੀਤਾ ਜਾਏਗਾ - ਜਸਵੀਰ ਸਿੰਘ ਗੜ੍ਹੀ

## ਅੰਬੇਡਕਰ ਦੇ ਬੁੱਤ ਦਾ ਨਿਰਾਦਰ, ਸਰਪੰਚ ਨੂੰ ਬੰਧਕ ਬਣਾਉਣਾ ਅਤੇ ਦਲਿਤ ਪਰਿਵਾਰ ਦੇ ਕੁੱਟਮਾਰ ਤੇ ਕਮਿਸ਼ਨ ਵਲੋਂ ਸੂਮੋਟੋ

## ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਨੇ ਵਿਦੇਸ਼ ਤੋਂ ਪਰਤਦਿਆਂ ਹੀ ਲਾਈ ਸੂਮੋਟੋ ਦੀ ਝੜੀ

**ਨਵਾਂਸ਼ਹਿਰ 2ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵੱਲੋਂ ਪੰਜਾਬ ਦੇ ਵੱਖ-ਵੱਖ ਕੋਨਿਆਂ ਵਿੱਚ ਵਾਪਰੀਆਂ ਅੱਤਿਆਚਾਰ ਦੀਆਂ ਘਟਨਾਵਾਂ ਖਿਲਾਫ ਲਗਾਤਾਰ ਤਿੰਨ ਸੂ ਮੋਟੋ ਲਏ ਗਏ ਹਨ। ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਸਬੇ ਕਾਠਗੜ੍ਹ ਵਿਖੇ ਰਿਸ਼ੂ ਬਾਲਾ ਕਾਠਗੜ੍ਹ ਦੇ ਸਰਪੰਚ ਅਤੇ ਉਸਦੇ ਪਤੀ ਬਾਬਾ ਕਾਲੇ ਸ਼ਾਹ ਨੂੰ ਬੰਧਕ ਬਣਾ ਕੇ ਜਾਤੀ ਗਾਲੀ ਗਲੋਚ ਤੇ ਕੁੱਟਮਾਰ ਦਾ ਮਾਮਲਾ ਸਾਹਮਣੇ ਆਇਆ। ਦੂਜੀ ਘਟਨਾ ਤਹਿਤ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਬਾਬਾ ਸਾਹਿਬ ਅੰਬੇਡਕਰ ਦੀ ਪ੍ਰਤਿਮਾ ਨੂੰ ਖਾਲਿਸਤਾਨੀ ਗੁਰਪੁਰਤਵੰਤ ਸਿੰਘ ਪੰਨੂ ਵੱਲੋਂ ਜਿੰਮੇਵਾਰੀ ਤਹਿਤ ਨੁਕਸਾਨ ਪੁਜਾਇਆ ਗਿਆ। ਤੀਜੀ ਘਟਨਾ ਤਹਿਤ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਬੇਈਪੁਰੀ ਦੇ ਦਲਿਤ ਪਰਿਵਾਰ ਨੂੰ ਪਿੰਡ ਦੇ ਸਰਪੰਚ ਵੱਲੋਂ ਘਰ ਦਾ ਸਮਾਨ ਸਾੜਨਾ,



ਗਾਲੀਗਲੋਚ, ਕੁੱਟਮਾਰ ਦਾ ਸਿਖਰ ਕੀਤਾ ਗਿਆ ਜਿਸ ਦੀਆਂ ਵੀਡੀਓ ਵੱਡੇ ਪੱਧਰ ਤੇ ਵਾਇਰਲ ਹਨ। ਅਖਬਾਰਾਂ ਵਿੱਚ ਛਪੀਆਂ ਇਹਨਾਂ ਘਟਨਾਵਾਂ ਦੇ ਮੱਦੇ ਨਜ਼ਰ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਦਫਤਰ ਵੱਲੋਂ ਸੂਮੋਟੋ ਲੈਂਦਿਆਂ ਹੋਇਆਂ ਸਬੰਧਤ ਪੁਲਿਸ ਵਿਭਾਗ ਦੇ ਜਿੰਮੇਵਾਰ ਅਧਿਕਾਰੀਆਂ ਤੋਂ ਰਿਪੋਰਟ ਮੰਗੀ ਗਈ ਹੈ। ਜਿਸ ਵਿੱਚ ਕਾਠਗੜ੍ਹ ਕਸਬੇ ਘਟਨਾ ਸਬੰਧੀ ਰਿਪੋਰਟ ਸ਼ਹੀਦ ਭਗਤ ਸਿੰਘ ਨਗਰ ਦੇ ਐਸਐਸਪੀ ਤੋਂ 7 ਅਪ੍ਰੈਲ ਨੂੰ ਮੰਗੀ ਗਈ ਹੈ। ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਸਬੰਧੀ ਐਸਐਸਪੀ ਹੁਸ਼ਿਆਰਪੁਰ ਤੋਂ ਅਤੇ ਪਿੰਡ ਬੇਈਪੁਰੀ ਜ਼ਿਲ੍ਹਾ ਤਰਨਤਾਰਨ ਦੀ ਘਟਨਾ ਸਬੰਧੀ ਐਸਐਸਪੀ ਤਰਨਤਾਰਨ ਤੋਂ ਰਿਪੋਰਟ 9 ਅਪ੍ਰੈਲ ਨੂੰ ਤਲਬ ਕੀਤੀ ਗਈ ਹੈ, ਜੋ ਕਿ ਡੀਐਸਪੀ ਪੱਧਰ ਦੇ ਅਧਿਕਾਰੀ ਲੈ ਕੇ ਪੇਸ਼ ਹੋਣਗੇ। ਇਸ ਮੌਕੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਧਰਤੀ ਤੇ ਗਰੀਬਾਂ ਮਜ਼ਲੂਮਾਂ ਤੇ ਦਲਿਤਾਂ ਤੇ ਜੁਲਮ ਅੱਤਿਆਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਵਾਪਰੀ ਜਾਤੀ ਵਿਤਕਰੇ ਦੀ ਘਟਨਾ ਉੱਪਰ ਕਮਿਸ਼ਨ ਤੁਰੰਤ ਕਾਰਵਾਈ ਕਰਨ ਲਈ ਸੰਬੰਧਿਤ ਵਿਭਾਗਾਂ ਨੂੰ ਪਾਵਨ ਕਰੇਗਾ। ਅਗਰ ਸੰਬੰਧਿਤ ਵਿਭਾਗ ਦੇ ਜਿੰਮੇਵਾਰ ਅਧਿਕਾਰੀ ਕਿਸੇ ਵੀ ਜਾਤੀ ਵਿਤਕਰੇ ਦੇ ਮਾਮਲੇ ਵਿੱਚ ਉਣਤਾਈ ਕਰਦੇ ਪਾਏ ਗਏ ਤਾਂ ਐਸੀ/ਐਸਟੀ ਅੱਤਿਆਚਾਰ ਰੋਕੂ ਐਕਟ 1989 ਦੀ ਧਾਰਾ 4 ਤਹਿਤ ਜਿੰਮੇਵਾਰ ਅਧਿਕਾਰੀਆਂ ਖਿਲਾਫ ਵੀ ਕਾਰਵਾਈ ਕੀਤੀ ਜਾਏਗੀ।

# ਬੇਬੇ ਨਾਨਕੀ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

**ਕਪੂਰਥਲਾ, 2 ਅਪ੍ਰੈਲ (ਕੌੜਾ )–** ਬੇਬੇ ਨਾਨਕੀ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਬੇਬੇ ਨਾਨਕੀ ਜੀ ਖੂਹ ਸਾਹਿਬ ਰਜਿਸਟਰਡ ਤਲਵੰਡੀ ਚੌਧਰੀਆਂ ਵਿਖੇ ਸੰਤ ਬਾਬਾ ਜਗਤਾਰ ਸਿੰਘ, ਸੰਤ ਬਾਬਾ ਮਹਿੰਦਰ ਸਿੰਘ ਤਰਨ ਤਾਰਨ ਵਾਲਿਆਂ ਅਤੇ ਸੰਤ ਬਾਬਾ ਜੱਗਾ ਸਿੰਘ ਗੁਰਦੁਆਰਾ ਅੰਤਰਜਾਮਤਾ ਸੁਲਤਾਨਪੁਰ ਲੋਧੀ ਵਾਲਿਆਂ ਦੇ ਸਹਿਯੋਗ ਨਾਲ ਸਮੂਹ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪੰਜ ਰੋਜਾ ਧਾਰਮਿਕ ਸਮਾਗਮਾਂ ਦੇ ਅਖੀਰਲੇ ਦਿਨ ਅੱਜ 12 ਸ਼੍ਰੀ ਅਖੰਡ ਪਾਠਾਂ ਸਾਹਿਬ ਦੇ ਭੋਗ ਪਾਏ ਗਏ ਅਰਦਾਸ ਉਪਰੰਤ ਸ਼੍ਰੀ ਅਖੰਡ ਪਾਠ ਸਾਹਿਬ ਕਵਾਉਣ ਵਾਲਿਆਂ ਸ਼ਰਧਾਲੂਆਂ ਦਾ ਬਾਬਾ ਜੱਗਾ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਰਜਿਸਟਰ ਦੇ ਪ੍ਰਧਾਨ ਓਕਾਰ ਸਿੰਘ ਵੱਲੋਂ ਪ੍ਰਗਟ ਸਿੰਘ ਸ਼ਾਹੀ ਏਐਸਆਈ, ਬਲਵੰਤ ਸਿੰਘ ਬਾਠ, ਸੁਖਦੇਵ ਸਿੰਘ ਮਸੀਤਾਂ ਯੂਐਸਏ, ਜਸ਼ਨਪ੍ਰੀਤ ਸਿੰਘ, ਮਾਸਟਰ ਬਲਵਿੰਦਰ ਸਿੰਘ ਓਠੀ, ਜਸਵੰਤ ਸਿੰਘ ਮੋਮੀ, ਜਸਬੀਰ ਸਿੰਘ ਸੰਧੂ, ਕਸ਼ਮੀਰ ਸਿੰਘ ਸੰਧੂ, ਗਿਆਨ ਸਿੰਘ ਮਾਢਲੀਆ, ਬਗੀਚਾ ਸਿੰਘ ਸੰਧੂ, ਗੁਰਮੇਗ ਸਿੰਘ ਮੱਲੀ, ਕਰਨੈਲ ਸਿੰਘ ਓਠੀ ਅਤੇ ਮਨਜੀਤ ਕੌਰ ਨੂੰ ਸਾਂਝੇ ਤੌਰ ਤੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਤੇ ਲੋਲਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਭਾਈ ਹਰਚੰਦ ਸਿੰਘ ਭਾਰਜ ਹਜੂਰੀ ਰਾਗੀ ਗੁਰਦੁਆਰਾ ਬੇਬੇ ਨਾਨਕੀ ਖੂਹ ਸਾਹਿਬ ਵੱਲੋਂ ਆਪਣੇ ਮਨੋਹਰ ਸ਼ਬਦ ਕੀਰਤਨ ਰਾਹੀਂ ਧਾਰਮਿਕ ਸਮਾਗਮ ਦੀ ਆਰੰਭਤਾ ਕੀਤੀ ਉਪਰੰਤ ਵਿਸ਼ੇਸ਼ ਸੱਦੇ ਤੇ ਪੁੱਜੇ ਭਾਈ ਸਤਿੰਦਰ ਪਾਲ ਸਿੰਘ ਹਜੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਗੁਰ ਇਤਿਹਾਸ ਨਾਲ ਜੋੜਦਿਆਂ ਸੰਗਤਾਂ ਨੂੰ ਬੇਬੇ ਨਾਨਕੀ ਜੀ





ਦੇ ਜੀਵਨ ਸਬੰਧੀ ਭਰਪੂਰ ਜਾਣਕਾਰੀ ਦਿੱਤੀ। ਆਈਆਂ ਸਮੂਹ ਸੰਗਤਾਂ ਅਤੇ ਸੰਤ ਮਹਾਂਪੁਰਸ਼ਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਓਕਾਰ ਸਿੰਘ ਜੋਸਨ ਵੱਲੋਂ ਬੇਬੇ ਨਾਨਕੀ ਜੀ ਦੇ ਜਨਮ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੰਦਿਆਂ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਭਾਈ ਗੁਰਸੇਵਕ ਸਿੰਘ ਨੇ ਨਿਭਾਈ। ਇਸ ਮੌਕੇ ਤੇ ਨਿਰਭੈ ਸਿੰਘ ਜੋਸਨ, ਜਸਵੰਤ ਸਿੰਘ ਭੋਲਾ, ਬਖਸ਼ੀਸ਼ ਸਿੰਘ ਫੌਜੀ, ਗਿਆਨ ਸਿੰਘ ਮਾਡਲੀਆ, ਕੁਲਦੀਪ ਸਿੰਘ, ਦੇਸਾ ਸਿੰਘ, ਮਨਜਿੰਦਰ ਸਿੰਘ ਮੱਲੀ, ਮਨਜੀਤ ਸਿੰਘ ਬੱਬਾ, ਤੀਰਥ ਸਿੰਘ ਚਾਨਾ, ਕੁਲਵੰਤ ਸਿੰਘ, ਭੁਪਿੰਦਰ ਸਿੰਘ ਕੌੜਾ, ਸਰਬਜੀਤ ਸਿੰਘ ਸੰਧੂ, ਪੋਖਰ ਸਿੰਘ ਬੰਡ ਬਲਦੇਵ ਸਿੰਘ ਕੜਾਲ, ਜਰਨੈਲ ਸਿੰਘ ਨੂਰਪੁਰ, ਹਰਬੰਸ ਸਿੰਘ ਟਿੱਬਾ, ਰਣਜੀਤ ਸਿੰਘ, ਰਣਬੀਰ ਸਿੰਘ ਰਾਣਾ, ਜਸਵੰਤ ਸਿੰਘ, ਮੁਖਤਾਰ ਸਿੰਘ ਚੰਦੀ ਠੇਕੇਦਾਰ, ਗੁਰਦੀਪ ਸਿੰਘ ਘੁਮਾਣ, ਪਲਵਿੰਦਰ ਸਿੰਘ ਬਿੱਕਾ ਪ੍ਰਧਾਨ ਸ਼੍ਰੀ ਗੁਰੂ ਨਾਨਕ ਕੀਰਤਨ ਸੇਵਾ ਸੁਸਾਇਟੀ ਤਲਵੰਡੀ ਚੌਧਰੀਆਂ, ਅਵਤਾਰ ਸਿੰਘ ਮੁੱਤੀ, ਸਤਿੰਦਰ ਸਿੰਘ ਕੌੜਾ, ਗੱਜਣ ਸਿੰਘ, ਹਰਜੋਤ ਸਿੰਘ, ਕੁਲਦੀਪ ਸਿੰਘ ਚੰਦੀ, ਸੁਖਦੇਵ ਸਿੰਘ ਟਿੱਬੇ ਵਾਲੇ, ਕਸ਼ਮੀਰ ਸਿੰਘ ਤੁੜ, ਸੰਤੋਖ ਸਿੰਘ ਸਾਬਕਾ ਇੰਸਪੈਕਟਰ, ਹਰੀ ਚੰਦ ਸਹਿਗਲ, ਸੂਬੇਦਾਰ ਦਿਲਬੀਰ ਸਿੰਘ, ਰਜਿੰਦਰ ਸਿੰਘ ਭਾਰਜ ਮੈਂਬਰ ਪੰਚਾਇਤ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਸੂਫ਼ੀ ਗੀਤ "ਪਾਕੇ ਘੁੰਗਰੂ " ਗਾਇਕ ਪੰਮਾ ਸਾਹਲਾਪੁਰੀਆ ਦੀ ਸ਼ੂਟਿੰਗ ਕੀਤੀ ਗਈ ਮੁਕੰਮਲ ਦਰਬਾਰ ਮੰਢਾਲੀ ਸ਼ਰੀਫ਼ : ਅਮਰੀਕ ਮਾਈਕਲ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨਿਰਦੇਸ਼ਕ ਅਮਰੀਕ ਮਾਈਕਲ ਨੇ ਦਸਿਆ ਕਿ ਦੂਰਦਰਸ਼ਨ ਜਲੰਧਰ ਡੀ ਡੀ ਪੰਜਾਬੀ ਤੇ ਵਿਸਾਖੀ ਦੀ ਆਮਦ ਤੇ 13 ਅਪ੍ਰੈਲ 2026 ਰਾਤ 10 ਵਜੇ ਤੋ ਲੈਕੇ 11 ਵਜੇ ਤਕ ਰੰਗਾਂ ਰੰਗ ਪ੍ਰੋਗਰਾਮ " ਮੇਲਾ ਵਿਸਾਖੀ ਦਾ " ਪ੍ਰਸਾਰਿਤ ਹੋਵੇਗਾ । ਨਵਾਂ ਸੂਫ਼ੀ ਗੀਤ " ਪਾਕੇ ਘੁੰਗਰੂ " ਸੂਫ਼ੀ ਗਾਇਕ ਪੰਮਾ ਸਾਹਲਾਪੁਰੀਆ ਨੇ ਗਾਇਆ ਹੈ ਤੇ ਬੜੇ ਹੀ ਵਧੀਆ ਤਰੀਕੇ ਨਾਲ ਲਿਖਿਆ ਗੀਤਕਾਰ ਦੇਸ-ਰਾਜ ਦੁਰਗਾਪੁਰੀਆ ਜੀ ਨੇ ਤੇ ਹਰੀ ਅਮਿਤ ਜੀ ਵਲੋ ਬੜਾ ਸੋਹਣਾ ਸੰਗੀਤ ਤਿਆਰ ਕੀਤਾ ਗਿਆ । ਸਾਹਿਲ ਚੌਹਾਨ ਵਲੋ ਗੀਤ ਦੀ ਤਰਜ਼ ਤਿਆਰ ਕੀਤੀ ਗਈ । ਗੀਤ "ਪਾਕੇ ਘੁੰਗਰੂ " ਦੀ ਸ਼ੂਟਿੰਗ ਲਈ ਕੈਮਰਾਮੈਨ ਦੀ ਭੂਮਿਕਾ ਨਿਭਾਈ ਗਈ ਕੁਲਦੀਪ ਕੁੰਡਲ ਵਲੋਂ । ਗੀਤ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਦਾਕਾਰ ਜਸਲੀਨ ਕੌਰ,ਜੈਜ਼ੀ ਸਿਕੰਦਰ, ਅਰਜਨ ਗੜ੍ਹਾ । ਸੂਫ਼ੀ ਗੀਤ "ਪਾਕੇ ਘੁੰਗਰੂ " ਵਿੱਚ ਸਹਿਯੋਗ ਦਿੱਤਾ ਗਿਆ ਜਮਾਲ ਖ਼ਾਨ ਅਤੇ ਪੰਕਜ ਵਲੋਂ। ਬਹੁਤ ਜਲਦੀ ਤੁਸੀ ਇਹ ਗੀਤ ਅਨੁਰਾਗ ਪ੍ਰੋਡਕਸ਼ਨ ਯੂਟਿਊਬ ਚੈਨਲ ਤੇ ਹੋਰ ਅਲਗ ਅਲਗ ਸੋਸ਼ਲ ਸਾਈਟਾਂ ਉੱਤੇ ਸੁਣੋਗੇ ਤੇ ਦੇਖੋਗੇ ।




# ਸਿੱਖ ਜਥਿਆਂ ‘ਤੇ ਟੈਕਸ ਲਗਾਉਣ ਦਾ ਫੈਸਲਾ ਅਣਉਚਿਤ ਅਤੇ ਨਿੰਦਣਯੋਗ: ਜਸਮੀਤ ਸਿੰਘ (ਪਿਤਮਪੁਰਾ)

**ਨਵੀਂ ਦਿੱਲੀ:/ ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਯੂਥ ਅਕਾਲੀ ਦਲ (ਦਿੱਲੀ ਇਕਾਈ) ਦੇ ਸਕੱਤਰ ਜਨਰਲ ਜਸਮੀਤ ਸਿੰਘ (ਪੀਤਮਪੁਰਾ) ਵੱਲੋਂ ਪਾਕਿਸਤਾਨ ਸਰਕਾਰ ਦੇ ਉਸ ਫੈਸਲੇ ਦੀ ਕਰੜੀ ਨਿੰਦਾ ਕੀਤੀ ਗਈ ਹੈ, ਜਿਸ ਤਹਿਤ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਸਿੱਖ ਜਥਿਆਂ ‘ਤੇ ਟੈਕਸ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ ਅਤੇ ਧਾਰਮਿਕ ਆਜ਼ਾਦੀ



ਦੇ ਮੂਲ ਅਸੂਲਾਂ ਦੇ ਖਿਲਾਫ਼ ਹੈ। ਹਰ ਸਾਲ ਹਜ਼ਾਰਾਂ ਸਿੱਖ ਸ਼ਰਧਾਲੂ ਆਪਣੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਲਈ ਪਾਕਿਸਤਾਨ ਜਾਂਦੇ ਹਨ, ਜੋ ਪੂਰੀ ਤਰ੍ਹਾਂ ਇੱਕ ਧਾਰਮਿਕ ਯਾਤਰਾ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦਾ ਟੈਕਸ ਲਗਾਉਣਾ ਨਾ ਸਿਰਫ਼ ਅਣਉਚਿਤ ਹੈ, ਸਗੋਂ ਇਹ ਸਿੱਖ ਕੌਮ ਨਾਲ ਸਿੱਧੀ ਨਾਇਨਸਾਫ਼ੀ ਹੈ। ਉਨ੍ਹਾਂ ਨੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਇਸ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਸਿੱਖ ਯਾਤਰੀਆਂ ਲਈ ਸਹੂਲਤਾਂ ਵਿੱਚ ਵਾਧਾ ਕੀਤਾ ਜਾਵੇ, ਨਾ ਕਿ ਉਨ੍ਹਾਂ ‘ਤੇ ਵਾਧੂ ਆਰਥਿਕ ਬੋਝ ਪਾਇਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪਾਕਿਸਤਾਨ ਅੱਗੇ ਸਿੱਖ ਭਾਈਚਾਰੇ ਦੇ ਹੱਕਾਂ ਦੀ ਰੱਖਿਆ ਲਈ ਮਜ਼ਬੂਤੀ ਨਾਲ ਆਪਣੀ ਆਵਾਜ਼ ਬੁਲੰਦ ਕੀਤੀ ਜਾਵੇ।

# ਆਲ ਇੰਡੀਆ ਬੀਐਸਐਨਐਲ ਪੈਨਸ਼ਨਰ ਐਸੋਸੀਏਸ਼ਨ ਵੱਲੋਂ 23 ਮਾਰਚ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ ਵਿਚਾਰ ਗੋਸ਼ਟੀ

**ਸੰਗਰੂਰ।** ਅੱਜ ਆਲ ਇੰਡੀਆ ਬੀ ਐਸ ਐਨ ਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਦੇ ਸੱਦੇ ਤੇ ਅਮਰ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਥਾਪਰ ਦੀ ਯਾਦ ਵਿੱਚ ਸ਼੍ਰੀ ਨੈਣਾ ਦੇਵੀ ਮੰਦਰ ਧਰਮਸ਼ਾਲਾ ਸੰਗਰੂਰ ਵਿਖੇ ਬਰਨਾਲਾ ਸੰਗਰੂਰ ਅਤੇ ਮਲੇਰਕੋਟਲਾ ਦੇ ਬੀਐਸਐਨਐਲ ਪੈਨਸ਼ਨਰਜ਼ ਵੱਲੋਂ ਇੱਕ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ।ਮੀਟਿੰਗ ਦੀ ਸ਼ੁਰੂਆਤ ਵਿੱਚ ਸ੍ਰੀ ਮਿਸ਼ਰੀ ਲਾਲ ਫੋਨ ਮਕੈਨਿਕ ਧੂਰੀ ਦੀ ਧਰਮ ਪਤਨੀ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਪੇਸ਼ ਕੀਤੀ ਗਈ।ਫਿਰ ਸ੍ਰੀ ਸਾਧਾ ਸਿੰਘ ਵਿਰਕ ਨੇ ਸ਼ਹੀਦਾਂ ਦੇ ਜੀਵਨ ਬਾਰੇ ਬੜੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਭਗਤ ਸਿੰਘ ਦੁਆਰਾ ਰਚਿਤ ਲਿਖਤਾਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਦਿੱਤੀ। ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਮਾਜ ਵਿੱਚ ਯੋਗਦਾਨ ਦੇਣ ਲਈ ਪ੍ਰੇਰਤ ਕੀਤਾ । ਉਨ੍ਹਾਂ ਕਿਹਾ ਕਿ ਸਮਾਜਿਕ ਅਤੇ ਆਰਥਿਕ ਨਾ -ਬਰਾਬਰੀ ਬਰਕਰਾਰ ਹੈ।ਸ੍ਰੀ ਬਲਵੰਤ ਸਿੰਘ ਢਿੱਲੋ ਨੇ ਭਗਤ ਸਿੰਘ ਦੀ ਵਾਰ ਗਾ ਕੇ ਮਹੌਲ ਵਿੱਚ ਜੋਸ਼ ਭਰਿਆ। ਸ੍ਰੀ ਸ਼ਿਵ ਨਰਾਇਣ ਨੇ 80 ਸਾਲ ਜਾਂ ਇਸ ਤੋਂ ਉੱਪਰ ਉਮਰ ਵਾਲੇ ਪੈਨਸ਼ਨਰ ਸਾਥੀਆਂ ਨੂੰ ਸਨਮਾਨਿਤ ਕਰਨ ਦਾ ਮਤਾ ਪੇਸ਼ ਕੀਤਾ ,ਸਮੂਚੇ ਸਦਨ ਵੱਲੋਂ ਮਤੇ ਨੂੰ ਪ੍ਰਵਾਨ ਕਰ ਲਿਆ ਗਿਆ।

ਸ਼੍ਰੀ ਮੋਹਿੰਦਰ ਸਿੰਘ ਚੌਧਰੀ ਨੇ ਪੈਨਸ਼ਨਰ ਨੂੰ ਭਵਿੱਖ ਵਿੱਚ ਦਰਪੇਸ਼ ਚੁਣੌਤੀਆਂ ਸਬੰਧੀ ਸਾਵਧਾਨ ਕੀਤਾ ਅਤੇ ਕਿਹਾ ਸਰਕਾਰਾਂ ਪੈਨਸ਼ਨ ਅਤੇ ਡੀਏ ਨੂੰ ਜਿਸ ਤਰ੍ਹਾਂ ਇੱਕ ਬੋਝ ਸਮਝ ਰਹੀਆਂ, ਪੈਨਸ਼ਨਰਾ ਸੰਘਰਸ਼ੀਲ ਹੋਣ ਲਈ ਪ੍ਰੇਰਿਆ।ਸ੍ਰੀ ਸੁਰਿੰਦਰ ਪਾਲ ਨੇ ਹਾਲ ਹੀ ਵਿੱਚ ਤਰਕਸ਼ੀਲਾਂ ਵੱਲੋਂ ਅਯੋਜਿਤ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਜ਼ਿਕਰ ਕੀਤਾ ਅਤੇ ਇਸ ਪ੍ਰੀਖਿਆ ਵਿੱਚ ਸੇਵਾਵਾਂ ਦੇਣ ਲਈ ਸ੍ਰੀ ਸ਼ਿਵਚਰਨ ਦਾਸ ਅਤੇ ਸ੍ਰੀ ਅਸ਼ਵਨੀ ਕੁਮਾਰ ਦੀ ਭਰਪੂਰ ਸ਼ਲਾਘਾ ਕੀਤੀ ਜਿਨ੍ਹਾਂ ਨੇ ਪ੍ਰੀਖਿਆ ਦੌਰਾਨ ਖਰਾਬ ਮੌਸਮ ਦੇ ਬਾਵਜੂਦ ਆਪਣੇ ਵਹੀਕਲ ਤੇ ਜਾ ਕੇ ਸੇਵਾਵਾਂ ਦਿੱਤੀਆਂ। ਉਨਾਂ ਨੇ ਤਰਕਸ਼ੀਲ ਸੁਸਾਇਟੀ ਦੀ ਤਰਫੋਂ ਸੇਵਾ ਨਿਭਾਉਣ ਵਾਲੇ ਸਤਿਕ-ਾਰਤ ਸਮੇਤ ਰਘਬੀਰ ਸਿੰਘ ਛਾਜਲੀ ਦੀ ਬੇਟੀ ਮਨਦੀਪ ਕੌਰ ਨੂੰ ਮੂਮੈਂਟੋ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਸ਼੍ਰੀ ਸਾਧਾ ਸਿੰਘ ਵਿਰਕ ਨੂੰ ਉਨ੍ਹਾਂ ਦੀ ਭਤੀਜੀ ਹਰਮੀਤ ਕੌਰ ਵਿਰਕ ਵੱਲੋਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਬੋਕਸਿੰਗ ਮੁਕਾ-ਬਲੇ ਵਿੱਚ ਕਾਂਸੀ ਪਦਕ ਹਾਸਲ





ਲੈਣ ਕਰਕੇ ਸਨਮਾਨ ਚਿੰਨ ਭੇਟ ਕੀਤਾ ।ਡਿਸਟਰਿਕਟ ਸੈਕਟਰੀ ਸ੍ਰੀ ਅਸ਼ਵਨੀ ਕੁਮਾਰ ਨੇ ਨਵੀਂ ਚੁਣੀ ਜਿਲਾ ਬਾਡੀ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੂੰ ਸ੍ਰੀ ਕੁਸੁਮ ਕੁਮਾਰ ਗਰਗ ਰਾਹੀਂ ਭੇਜੇ ਗਏ ਮੈਮੋਰੰਡਮ ਬਾਰੇ ਜਾਣੂ ਕਰਾਇਆ ਅਤੇ ਆਸ ਪ੍ਰਗਟਾਈ ਕਿ ਮਾਨਯੋਗ ਮੈਂਬਰ ਵੱਲੋਂ ਜਲਦੀ ਹੀ ਪਾਰਲੀਮੈਂਟ ਵਿੱਚ ਪੈਨਸ਼ਨਰ ਦੀਆਂ ਮੰਗਾਂ ਬਾਰੇ ਬੋਲਿਆ ਜਾਵੇਗਾ। ਉਨਾਂ ਨੇ ਅਪ੍ਰੈਲ ਮਹੀਨੇ ਦੇ ਅਖੀਰ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਪੈਨਸ਼ਨਰਾਂ ਤੇ ਫੈਮਲੀ ਪੈਨਸ਼ਨਰਾਂ ਦੇ ਹੈਲਥ ਕਾਰਡ ਬਣਵਾ ਕੇ ਵੰਡਣ ਦਾ ਵਾਅਦਾ ਕੀਤਾ। ਸ੍ਰੀ ਸੁਰਿੰਦਰ ਪਾਲ ਵਲੋਂ ਲਗਾਤਾਰ 73ਵੀਂ ਵਾਰ ਖੂਨ ਦਾਨ ਦੇ ਕੇ ਸਮਾਜ ਭਲਾਈ ਵਿੱਚ ਆਪਣਾ ਯੋਗਦਾਨ ਪਾਉਣ ਲਈ ਸ਼ਲਾਘਾ ਕੀਤੀ ਗਈ।ਭਗਤ ਪੂਰਨ ਸਿੰਘ ਪਿੰਗਲਵਾੜਾ ਸੰਗਰੂਰ ਅਤੇ ਬਲੱਡ ਡੋਨਰ ਸੁਸਾਇਟੀ ਪੰਜਾਬ ਵੱਲੋਂ ਉਹਨਾਂ ਨੂੰ ਦਿੱਤੇ ਗਏ ਸਨਮਾਨਾਂ ਬਾਰੇ ਚਾਨਣਾ ਪਾਇਆ ਗਿਆ ਅਤੇ ਆਸ ਪ੍ਰਗਟਾਈ ਕਿ ਉਨ੍ਹਾਂ ਵੱਲੋਂ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਆਪਣੇ ਸਮਾਜ ਭਲਾਈ ਦੇ ਕਾਰਜ ਬਾਦਸਤੂਰ ਜਾਰੀ ਰਹਿਣਗੇ।

ਸ਼੍ਰੀ ਰਘਬੀਰ ਸਿੰਘ ਛਾਜਲੀ ਨੇ ਅਜੋਕੇ ਸਮੇਂ ਵਿੱਚ ਹੋ ਰਹੇ ਰਾਜਸੀ ਅਤੇ ਸਮਾਜਿਕ ਨਿੱਘਾਰ ਤੇ ਚਿੰਤਾ ਦਾ ਪ੍ਰਗਟਾਅ ਕੀਤਾ ਅਤੇ ਵਿਗਿਆਨਕ ਸੋਚ ਨੂੰ ਪ੍ਰਫੁਲਤ ਕਰਨ ਦੀ ਲੋੜ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਸ਼੍ਰੀ ਕੇਵਲ ਸਿੰਘ ਨੇ ਆਪਣੀ ਬੁਲੰਦ ਆਵਾਜ ਵਿੱਚ ਤੂੰਬੀ ਨਾਲ਼ ਇੱਕ ਗੀਤ ਪੇਸ਼ ਕੀਤਾ।ਸ਼੍ਰੀ ਸਾਧਾ ਸਿੰਘ ਵਿਰਕ ਨੇ ਪਿਛਲੇ ਸਮੇਂ ਦੌਰਾਨ ਜੇਰੇ ਇਲਾਜ ਸਾਥੀਆਂ ਸ਼੍ਰੀ ਤਾਜਾ ਹਾਲਾਤ ਬਾਰੇ ਸਦਨ ਨੂੰ ਦੱਸਿਆ। ਸ਼੍ਰੀ ਸੁਰਿੰਦਰ ਪਾਲ ਵੱਲੋਂ ਤਿਆਰ ਕੀਤੀ ਰਿਪੋਰਟ ਸਦਨ ਸਾਹਮਣੇ ਪੇਸ਼ ਕੀਤੀ ਗਈ ਜਿਸ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੇ ਜਾਣ ਵਾਲੇ 1 ਹਜ਼ਾਰ ਅਤੇ 15 00 ਰੁਪਏ ਦੀ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਬਾਰੇ, ਈਰਾਨ ਇਜ਼ਰਾਇਲ ਯੁੱਧ ਵਿੱਚ ਅਮਰੀਕਾ ਦੀ ਭੂਮਿਕਾ ਬਾਰੇ, ਨੈਨਸੀ ਗਰੇਵਾਲ ਦੇ ਕਤਲ ਬਾਰੇ, ਮਹਾਰਾਸ਼ਟਰ ਵਿੱਚ ਇੱਕ ਢੋਂਗੀ ਬਾਬਾ ਅਰਜਨ ਖਿਰਾਤ ਦੇ ਪੁੱਠੇ ਸਿੱਧੇ ਕੰਮਾਂ ਬਾਰੇ,ਜ਼ਿਲਾ ਬਠਿੰਡਾ ਦੇ ਪਿੰਡ ਜਿਉਂਦ ਵਿੱਚ ਮੈਡਮ ਐਸਐਸਪੀ ਵੱਲੋਂ ਨਿੱਜੀ ਤੌਰ ਤੇ ਕਿਸਾਨਾਂ ਤੇ ਬੇ ਤਹਾਸ਼ਾ ਤਸ਼ੱਦਦ ਕਰਨ ਬਾਰੇ, ਪੰਜਾਬ ਦੇ ਇੱਕ ਮੰਤਰੀ ਵੱਲੋਂ ਸਰੀਰਕ ਅਤੇ ਮਾਨਸਿਕ ਤਸ਼ੱਦਦ ਕਾਰਨ ਡੀ ਐਮ ਵੇਅਰ ਹਾਊਸ ਅੰਮ੍ਰਿਤਸਰ ਵੱਲੋਂ ਕੀਤੀ ਗਈ ਖੁਦਕੁਸ਼ੀ ਬਾਰੇ, ਫਰੀਦਕੋਟ ਵਿੱਚ ਕਰਜੇ ਤੋਂ ਦੁਖੀ ਹੋ ਕੇ ਦੋ ਸੱਕੇ ਭਰਾਵਾਂ ਵੱਲੋਂ ਕੀਤੀ ਖੁਦਕਸ਼ੀ ਬਾਰੇ ਅਤੇ ਸੰਗਰੂਰ ਦੇ ਇੱਕ ਮਹੱਲੇ ਵਿੱਚ ਲਗਾਤਾਰ ਛੇ ਵਾਰ ਬੱਚਿਆਂ ਅਤੇ ਔਰਤਾਂ ਤੇ ਕੁੱਤਿਆਂ ਵੱਲੋਂ ਕੀਤੇ ਹਮਲੇ ਬਾਰੇ ਰਿਪੋਰਟ ਨੂੰ ਸਦਨ ਦੀ ਜਾਣਕਾਰੀ ਲਈ ਪੇਸ਼ ਕੀਤਾ। ਸ੍ਰੀ ਨਵਨੀਤ ਕੁਮਾਰ ਅਤੇ ਹੋਰ ਵਲੰਟੀਅਰ ਸਾਥੀਆਂ ਵੱਲੋਂ ਪੈਨਸ਼ਨਰ ਦੇ ਮੈਡੀਕਲ ਕਾਰਡ ਨੂੰ ਰਿਨਿਊ ਕਰਾਉਣ ਦੇ ਫਾਰਮ ਭਰੇ ਗਏ।

ਪਹਿਲੀ ਵਾਰ ਸ਼ਿਰਕਤ ਕਰਨ ਵਾਲੇ ਫੈਮਿਲੀ ਪੈਨਸ਼ਨਰ ਅਤੇ ਬੀਬੀਆਂ ਅਤੇ ਇਸ ਮਹੀਨੇ ਜਨਮਦਿਨ ,ਵਿਆਹ ਵਰ੍ਹੇ ਗੰਢ ਅਤੇ ਹੋਰ ਪ੍ਰਵਾਰਕ ਖੁਸ਼ੀਆਂ ਵਾਲੇ ਸਾਥੀਆਂ ਨੂੰ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ। ਸ਼੍ਰੀ ਸ਼ਾਮ ਸੁੰਦਰ ਕੱਕੜ ਦੀ ਵਿਆਹ ਵਰ੍ਹੇ ਗੰਢ ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿੱਚ ਮਨਾਈ ਗਈ।

ਵਿਚਾਰ ਗੋਸ਼ਟੀ ਸਫਲ ਰਹੀ

**ਮਾਸਟਰ ਪਰਮ ਵੇਦ**
**9417422349**
**ਸ ਸ ਵਿਰਕ**

# ਕਰਨ ਹਸਪਤਾਲ ਬੰਗਾ ਵਲੋਂ ਮੁਫ਼ਤ ਮੈਡੀਕਲ ਕੈਂਪ, 107 ਮਰੀਜਾਂ ਨੇ ਲਾਭ ਹਾਸਲ ਕੀਤਾ

**ਬੰਗਾ, 2 ਅਪ੍ਰੈਲ ( ਚਰਨਜੀਤ ਸੱਲ੍ਹਾਂ )** ਕਰਨ ਹਸਪਤਾਲ ਬੰਗਾ ਵਲੋਂ ਦਰਬਾਰ ਗੁਲਾਮੀ ਸ਼ਾਹ ਵਿਖੇ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਇਸ ਕੈਂਪ ਦਾ 107 ਮਰੀਜਾਂ ਨੇ ਲਾਭ ਹਾਸਲ ਕੀਤਾ ਜਿਹਨਾਂ ਦਾ ਡਾ. ਬਖਸ਼ੀਸ਼ ਸਿੰਘ ਦੀ ਅਗਵਾਈ ਵਾਲੀ ਮੈਡੀਕਲ ਟੀਮ ਨੇ ਜਾਚ ਕੀਤੀ ਅਤੇ ਉਹਨਾਂ ਨੂੰ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ। ਇਹ ਕੈਂਪ ਸਾਈਂ ਉਮਰੇ ਸ਼ਾਹ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤਾ ਗਿਆ ਸੀ ਜਿਸ ਦੌਰਾਨ ਉਹਨਾਂ ਚੰਗੀ ਸਿਹਤ ਲਈ ਚੰਗੀ ਸੰਗਤ ਦਾ ਸੁਨੇਹਾ ਦਿੱਤਾ। ਇਸ ਮੌਕੇ ਉਕਤ ਰੋਜੇ ਦੇ ਸਰਪ੍ਰਸਤ



ਬੀਬੀ ਮਹਿੰਦਰ ਕੌਰ ਨੇ ਵੀ ਲੋਕਾਈ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਕੈਂਪ ਦੇ ਪ੍ਰਬੰਧ ਹਿੱਤ ਵਾਰਡ 7 ਦੇ ਕੌਸ਼ਲਰ ਬੀਬੀ ਰਸ਼ਪਾਲ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ। ਕੈਂਪ ਦੌਰਾਨ ਕਰਨ ਹਸਪਤਾਲ ਬੰਗਾ ਦੇ ਸੰਸਥਾਪਕ ਡਾ. ਬਖਸ਼ੀਸ਼ ਸਿੰਘ ਐਮ ਐਸ ਨੇ ਕਿਹਾ ਕਿ ਅਜੋਕੇ ਦੌਰ ’ਚ ਖੁਰਾਕਾਂ ਅਤੇ ਵਾਤਾਵਰਣ ’ਚ ਗੰਧਲਾਪਨ ਆ ਜਾਣ ਕਾਰਨ ਸਿਹਤ ਦੀ ਸੁਰੱਖਿਆਂ ਪੱਖੋਂ ਵੱਡੀਆਂ ਚੁਣੌਤੀਆਂ ਆਈਆਂ ਹਨ ਜਿਹਨਾਂ ਤੋਂ ਬਚਾਓ ਲਈ ਸਮੇਂ ਸਮੇਂ ਸਰੀਰਕ ਜਾਂਚ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਸਮੇਂ ਸਿਰ ਇਲਾਜ ਕਰਵਾਉਣਾ ਚਾਹੀਦਾ ਹੈ।

ਕੈਪਸ਼ਨ- ਮੈਡੀਕਲ ਕੈਂਪ ਦਾ ਉਦਘਾਟਨ ਕਰਨ ਸਮੇਂ ਸਾਈਂ ਉਮਰੇ ਸ਼ਾਹ, ਡਾ. ਬਖਸ਼ੀਸ਼ ਸਿੰਘ ਤੇ ਹੋਰ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 6 ਅਪ੍ਰੈਲ ਦੇ ਧਰਨੇ ਸੰਬੰਧੀ ਮੀਟਿੰਗ ਕੀਤੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ 6 ਅਪ੍ਰੈਲ ਨੂੰ ਕਿਸਾਨੀ ਮੰਗਾਂ ਨੂੰ ਲੈ ਕੇ ਦਿਤੇ ਜਾ ਰਹੇ ਜਿਲ੍ਹਾ ਪੱਧਰੀ ਧਰਨਿਆਂ ਦੀ ਤਿਆਰੀ ਲਈ ਕਿਰਤੀ ਕਿਸਾਨ ਯੂਨੀਅਨ ਗੜ੍ਹਸ਼ੰਕਰ ਦੇ ਸਰਗਰਮ ਮੈਬਰਾਂ ਦੀ ਮੀਟਿੰਗ ਪਿੰਡ ਗੋਲੇਵਾਲ ਵਿਖੇ ਹੋਈ। ਜਿਸ ਵਿੱਚ ਸਮੂਹ ਕਿਸਾਨਾ ਨੂੰ ਧਰਨੇ ਵਿੱਚ ਪੁਜਣ ਦੀ ਅਪੀਲ ਕੀਤੀ ਗਈ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ ਅਤੇ ਜਿਲ੍ਹਾ ਸਕੱਤਰ ਕੁਲਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾ ਦੀਆਂ ਮੰਗਾਂ ਮੰਨਣ ਦੀ ਬਜਾਏ ਹੋਰ ਮੁਸ਼ਕਿਲਾਂ ਖੜੀਆਂ ਕਰ ਰਹੀ ਹੈ। ਬਿਜਲੀ ਬਿੱਲ 2025 ਲਾਗੂ ਕਰ ਕੇ ਬਿਜਲੀ ਦਾ ਪ੍ਰਬੰਧ ਆਪਣੇ ਅਧੀਨ ਕਰਨਾ ਚਾਹਦੀ ਹੈ ਅਤੇ ਚਿੱਪ ਵਾਲੇ ਮੀਟਰ ਲਾ ਕੇ ਬਿਜਲੀ ਦੀ ਸਬਸਿਡੀ ਬੰਦ ਕਰਨ ਦੀਆਂ ਕੋਸ਼ਿਸ਼ਾਂ



ਕੀਤੀਆਂ ਜਾ ਰਹੀਆਂ ਹਨ। ਅਮਰੀਕਾ ਨਾਲ ਕੀਤੇ ਜਾ ਰਹੇ ਵਪਾਰਕ ਸਮਝੌਤਾ ਦੀ ਨਿਖੇਧੀ ਕਰਦਿਆਂ, ਓਹਨਾਂ ਕਿਹਾ ਕਿ ਇਸ ਨਾਲ ਭਾਰਤੀ ਕਿਸਾਨਾ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਹੋਵੇਗਾ। ਅੱਜ ਦੀ ਮੀਟਿੰਗ ਨੂੰ ਜਥੇਬੰਦੀ ਦੇ ਬਲਾਕ ਪ੍ਰਧਾਨ ਰਾਮ ਜੀਤ ਸਿੰਘ ਦੇਣੋਵਾਲ ਕਲਾਂ, ਸਕੱਤਰ ਕੁਲਵੰਤ ਸਿੰਘ ਗੋਲੇਵਾਲ ਨੇ ਕਿਹਾ ਕੇ ਸੀਡ ਬਿੱਲ ਲਾਗੂ ਕਰਕੇ ਕੇਦਰ ਸਰਕਾਰ ਬੀਜ ਦਾ ਸਾਰਾ ਪ੍ਰਬੰਧ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਤੇ ਤੁਲੀ ਹੋਈ ਹੈ। ਅੱਜ ਦੀ ਮੀਟਿੰਗ ਵਿੱਚ ਮੀਤ ਪ੍ਰਧਾਨ ਹਰਬੰਸ ਸਿੰਘ ਰਸੂਲਪੁਰ, ਸੰਤੋਖ ਸਿੰਘ, ਤਜਿੰਦਰ ਸਿੰਘ ਦੇਣੋਵਾਲ ਕਲਾਂ, ਪ੍ਰਮਿੰਦਰ ਸਿੰਘ ਗੋਲੇਵਾਲ, ਗੁਰਨਾਮ ਸਿੰਘ, ਸਰਵਣ ਸਿੰਘ, ਜਸਪਾਲ ਸਿੰਘ, ਸਰਿਦਰ ਸਿੰਘ, ਬਾਬਾ ਪਿਆਰਾ ਸਿੰਘ ਆਦਿ ਕਿਸਾਨ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ 650 ਸਾਲਾਂ ਸ਼ਤਾਬਦੀ ਸਮਾਗਮ ਮਨਾਉਣ ਸਬੰਧੀ ਮੀਟਿੰਗ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਸ਼ਤਾਬਦੀ ਸਮਾਗਮ ਨੂੰ ਮਨਾਉਣ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਲੁਧਿਆਣਾ ਸ਼ਹਿਰੀ ਪ੍ਰਧਾਨ ਰਾਮ ਕਿਸ਼ਨ ਸਿੰਘ ਦਾਦ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਉਘੇ ਸਮਾਜ ਸੇਵੀ ਬਿੱਕਰ ਸਿੰਘ ਨੱਤ, ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਕੋਰ ਕਮੇਟੀ ਮੈਂਬਰ ਦਲਜੀਤ ਸਿੰਘ ਥਰੀਕੇ ਅਤੇ ਮਨਜੀਤ ਸਿੰਘ ਡਾਬਾ ਨੇ ਦੱਸਿਆ, ਕਿ ਸ੍ਰੀ ਗੁਰੂ



ਰਵਿਦਾਸ ਮਹਾਰਾਜ ਜੀ ਦਾ 650 ਸਾਲਾ ਸਮਾਗਮ ਵੱਡੇ ਪੱਧਰ ਤੇ ਮਨਾਉਣ ਲਈ ਹੁਣ ਤੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਘੇ ਸਮਾਜ ਸੇਵੀ ਬਲਵੀਰ ਸਿੰਘ ਪੁਹੀੜ ਨੇ ਵਿਚਾਰ ਸਾਂਝੇ ਕਰਦੇ ਕਿਹਾ ਕਿ ਸਾਨੂੰ ਪਿੰਡ-ਪਿੰਡ ਮੀਟਿੰਗਾਂ ਕੀਤੀਆਂ ਜਾਣਗੀਆਂ। ਜਿਸ ਨਾਲ ਸ੍ਰੀ ਗੁਰੂ ਰਵਿਦਾਸ ਨਾਮ-ਲੇਵਾ ਸੰਗਤਾਂ ਤੱਕ ਪਹੁੰਚ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵਿੰਦਰ ਸਿੰਘ, ਗਗਨਦੀਪ ਸਿੰਘ, ਟਹਿਲ ਸਿੰਘ, ਮਨਜੀਤ ਸਿੰਘ ਡਾਬਾ, ਬਿਕਰ ਸਿੰਘ ਨੱਤ, ਦਲਜੀਤ ਸਿੰਘ ਥਰੀਕੇ, ਤਾਰਾ ਸਿੰਘ ,ਬੂਟਾ ਸਿੰਘ, ਮੱਖਣ ਸਿੰਘ, ਤੋਤਾ ਸਿੰਘ ਆਦਿ ਹਾਜ਼ਰ ਸਨ।

# ਸ਼ਮਸ਼ੇਰ ਭਾਰਦਵਾਜ ਅਤੇ ਸੂਰਜ ਸਿੰਘ ਆਰ ਟੀ ਆਈ ਵਿੰਗ ਰਾਹੀਂ ਲੋਕਾਂ ਨੂੰ ਦਿਵਾਉਣਗੇ ਇਨਸਾਫ਼ : ਤਲਵਾੜ, ਲਾਲੀ ਬਾਜਵਾ

## ਸ਼੍ਰੋਮਣੀ ਅਕਾਲੀ ਦਲ ਸਰਕਲ ਬਾਗਪੁਰ ਵੱਲੋਂ ਨਵੇਂ ਚੁਣੇ ਅਹੁਦੇਦਾਰਾਂ ਦਾ ਵਿਸ਼ੇਸ਼ ਸਨਮਾਨ



**ਹੁਸ਼ਿਆਰਪੁਰ 2 ਅਪ੍ਰੈਲ ( ਤਰਸੇਮ ਦੀਵਾਨਾ )** ਸ਼੍ਰੋਮਣੀ ਅਕਾਲੀ ਦਲ ਸਰਕਲ ਬਾਗਪੁਰ ਦੀ ਇੱਕ ਅਹਿਮ ਬੈਠਕ ਸ਼੍ਰੋਮਣੀ ਅਕਾਲੀ ਦਲ ( ਬਾਦਲ ) ਦੇ ਆਗੂਆਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪਾਰਟੀ ਵਿੱਚ ਨਵੀਆਂ ਜ਼ਿੰਮੇਵਾਰੀਆਂ ਮਿਲਣ 'ਤੇ ਵੱਖ-ਵੱਖ ਆਗੂਆਂ ਦਾ ਨਿੱਘਾ ਸਨਮਾਨ ਕੀਤਾ ਗਿਆ। ਬੈਠਕ ਦੌਰਾਨ ਲਾਲੀ ਬਾਜਵਾ ਉੱਪ ਪ੍ਰਧਾਨ ਪੰਜਾਬ, ਸੰਜੀਵ ਤਲਵਾੜ ਹਲਕਾ ਹੁਸ਼ਿਆਰਪੁਰ ਇੰਚਾਰਜ, ਸ਼ਮਸ਼ੇਰ ਸਿੰਘ ਭਾਰਦਵਾਜ ਉਪ ਪ੍ਰਧਾਨ, RTI ਸੈੱਲ (ਪੰਜਾਬ), ਸੂਰਜ ਸਿੰਘ ਜ਼ਿਲ੍ਹਾ ਪ੍ਰਧਾਨ ਠੀ ਸੈੱਲ ਨੂੰ ਉਨ੍ਹਾਂ ਦੀਆਂ ਨਵੀਆਂ ਨਿਯੁਕਤੀਆਂ ਲਈ ਮੁਬਾਰਕਬਾਦ ਦਿੱਤੀ ਗਈ ਅਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਲਾਲੀ ਬਾਜਵਾ ਅਤੇ ਸੰਜੀਵ ਤਲਵਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਨੇ ਮਿਹਨਤੀ ਵਰਕਰਾਂ ਨੂੰ ਮਾਣ ਬਖ਼ਸ਼ਿਆ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸ਼ਮਸ਼ੇਰ ਭਾਰਦਵਾਜ ਅਤੇ ਸੂਰਜ ਸਿੰਘ RTI ਵਿੰਗ ਦੇ ਮਾਧਿਅਮ ਨਾਲ ਪ੍ਰਸ਼ਾਸਨਿਕ ਕੰਮਾਂ ਵਿੱਚ ਪਾਰਦਰਸ਼ਤਾ ਲਿਆਉਣਗੇ ਅਤੇ ਆਮ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਦਿਨ-ਰਾਤ ਕੰਮ ਕਰਨਗੇ। ਹਲਕਾ ਇੰਚਾਰਜ ਸੰਦੀਪ ਸਿੰਘ ਸੀਕਰੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਲੋਕ ਹਿੱਤਾਂ ਲਈ ਪਹਿਰਾ ਦਿੰਦਾ ਆਇਆ ਹੈ ਅਤੇ ਨਵੀਂ ਟੀਮ ਦੇ ਗਠਨ ਨਾਲ ਹਲਕੇ ਵਿੱਚ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਨੰਬਰਦਾਰ ਤੀਰਥ ਸਿੰਘ ਸਤੌਰ, ਕਮਲਪ੍ਰੀਤ ਸਿੰਘ, ਜਸਵਿੰਦਰ ਸਿੰਘ ਜੱਸੀ, ਕੁਲਵਿੰਦਰ ਸਿੰਘ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਨਿਰਮਲ ਸਿੰਘ, ਅਮਰੀਕ ਸਿੰਘ, ਗੁਰਵਿੰਦਰ ਸਿੰਘ, ਬਲਜਿੰਦਰ ਸਿੰਘ ਪੰਚ, ਸ਼ੈਰੀ, ਰਮਨ, ਮਲਕੀਅਤ ਸਿੰਘ, ਅੰਕੁਸ਼, ਜੱਸੀ, ਧਰਮਵੀਰ ਸਿੰਘ, ਸੁਖਦੇਵ ਸਿੰਘ, ਮੰਗੀ ਕੱਕੋਂ, ਹਰਕਮਲ ਸਿੰਘ, ਜਸਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਹਰਮੀਤ ਸਿੰਘ,ਮਨੋਰ ਸਿੰਘ ਮਹਿੰਦੀਪੁਰ, ਤਰਲੋਚਨ ਸਿੰਘ, ਅਵਤਾਰ ਸਿੰਘ , ਵਾਲੀਆ ਆਦਿ ਅਤੇ ਪਾਰਟੀ ਦੇ ਹੋਰ ਵੀ ਕਈ ਸੀਨੀਅਰ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 12 ਤੋਂ 14 ਅਪ੍ਰੈਲ ਤੱਕ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਅੰਮ੍ਰਿਤ ਧਾਰਾ ਦਿਵਸ,ਮਹਾਤਮਾ ਜਯੋਤੀ ਰਾਓ ਫੂਲੇ ਜੀ, ਵਿਸਾਖੀ,ਅਤੇ ਬਾਬਾ ਸਾਹਿਬ ਜੀ ਦਾ ਜਨਮ ਦਿਨ ਬੜੀ ਸ਼ਾਨੋ ਸ਼ੌਕਤ ਨਾਲ ਮਨਾਏ ਜਾਣਗੇ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ /ਸ੍ਰੀ ਖੁਰਾਲਗੜ੍ਹ ਸਾਹਿਬ 2 ਅਪ੍ਰੈਲ** ( ਤਰਸੇਮ ਦੀਵਾਨਾ ) - ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਰ੍ਹੇ ਵੀ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਜੀ ਦੀ ਯੋਗ ਅਗਵਾਈ ਹੇਠ 12/13/ਅਤੇ 14 ਅਪ੍ਰੈਲ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਅੰਮ੍ਰਿਤ ਧਾਰਾ ਪ੍ਰਗਟ ਦਿਵਸ, ਮਹਾਤਮਾ ਜਯੋਤੀ ਰਾਓ ਫੂਲੇ ਜੀ ਦਾ ਜਨਮ ਦਿਨ, ਵਿਸਾਖੀ ਦਾ ਪਵਿੱਤਰ ਤਿਉਹਾਰ, ਅਤੇ ਭਾਰਤ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਮਨਾਏ ਜਾਣ ਵਾਲੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ ! ਸੰਤ ਸਤਵਿੰਦਰ ਹੀਰਾ ਨੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਮਨਾਏ ਜਾਣ ਵਾਲੇ ਇਹ



ਦਿਹਾੜੇ ਸਾਡੇ ਇਤਿਹਾਸ ਅਤੇ ਸੰਘਰਸ਼ ਦਾ ਪ੍ਰਤੀਕ ਹਨ। ਉਹਨਾਂ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਕਰਵਾਏ ਜਾਣ ਵਾਲੇ ਇਨ੍ਹਾਂ ਤਿੰਨ ਰੋਜ਼ਾ ਸਮਾਗਮਾਂ ਵਿੱਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਣਗੀਆਂ।ਉਹਨਾਂ ਕਿਹਾ ਕਿ ਸਾਡਾ ਮਕਸਦ ਆਪਣੇ ਰਹਿਬਰਾਂ ਦੀਆਂ ਸਿੱਖਿਆਵਾਂ ਅਤੇ ਬਾਬਾ ਸਾਹਿਬ ਵੱਲੋਂ ਦਿੱਤੇ ਸੰਵਿਧਾਨਕ ਹੱਕਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਹੈ।ਉਨ੍ਹਾਂ ਸਮੂਹ ਅਤੇ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ! ਉਹਨਾਂ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਘਰ-ਘਰ ਪਹੁੰਚਾਉਣਾ ਬਾਬਾ ਸਾਹਿਬ ਜੀ ਦੇ ਦੱਸੇ ਹੋਏ ਰਸਤੇ 'ਤੇ ਚੱਲਣਾ "ਪੜ੍ਹੋ, ਜੁੜੋ ਸੰਘਰਸ਼ ਕਰੋ ਇਸ ਮਿਸ਼ਨ ਦਾ ਮੁੱਖ ਟੀਚਾ ਹੈ। ਉਹਨਾਂ ਦੱਸਿਆ ਕਿ ਇਸ ਮੌਕੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਡੇ ਪੱਧਰ ਤੇ ਇਸ ਸਮਾਗਮ ਦਾ ਹਿੱਸਾ ਬਣਨਗੀਆਂ !

## ਬਲਬੀਰ ਕੌਰ ਰਾਏਕੋਟੀ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਕੌਮੀ ਚੇਅਰਪਰਸਨ ਨਿਯੁਕਤ

**ਰਾਏਕੋਟ, 2 ਅਪ੍ਰੈਲ ( ਗੁਰਭਿੰਦਰ ਗੁਰੀ )-** ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਸੰਸਥਾਪਕ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ ਨੇ ਲੈਕਚਰਾਰ ਬਲਬੀਰ ਕੌਰ ਰਾਏਕੋਟੀ ਨੂੰ ਉਨ੍ਹਾਂ ਵਲੋਂ ਵਿਸ਼ਵ ਪੰਜਾਬੀ ਸਭਾ ਲਈ 2 ਸਾਲ ਨਿਭਾਈਆਂ ਮਾਣਮੱਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਵਿਸ਼ਵ ਪੰਜਾਬੀ ਸਭਾ



ਦੇ ਇੰਡੀਆ ਚੈਪਟਰ ਲਈ ਚੇਅਰਪਰਸਨ ਨਿਯੁਕਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬਲਬੀਰ ਕੌਰ ਰਾਏਕੋਟੀ ਇਸ ਤੋਂ ਪਹਿਲਾਂ ਇੰਡੀਆ ਚੈਪਟਰ ਲਈ ਪ੍ਰਧਾਨ ਸਨ ਤੇ ਉਹਨਾਂ ਨੇ ਸਭਾ ਲਈ ਜੋ ਅਣਥੱਕ ਅਤੇ ਅਣਖਿੱਜ ਜ਼ੁੰਮੇਵਾਰੀ ਨਿਭਾਈ ਹੈ ਉਹ ਬਾਕਮਾਲ ਹੈ।

# ਸੋਢੀ ਗੋਸਲਾਂ ਵਾਲੇ ਦੀ ਮਿਹਨਤ ਤੇ ਸਿਰੜ ਨੇ ਪਿੰਡ ਵਿੱਚ ਡਾਕਟਰ ਅੰਬੇਡਕਰ ਜੀ ਦਾ ਬੁੱਤ ਸਥਾਪਤ ਕਰਵਾਇਆ

**ਬੰਗਾ (ਚਰਨਜੀਤ ਸੱਲ੍ਹਾਂ )** ਇਸਨੂੰ ਸਾਹਿਬ ਕਾਂਸ਼ੀ ਰਾਮ ਜੀ ਦਾ ਕ੍ਰਿਸ਼ਮਾ ਕਹੀਏ ਜਾਂ ਕੁਝ ਹੋਰ ਕਹੀਏ। ਬੰਗਾ ਸ਼ਹਿਰ ਦੇ ਨਜ਼ਦੀਕ ਮਿਸ਼ਨਰੀ ਪਿੰਡਾਂ ਵਿੱਚੋਂ ਸਿਰਕੱਢਵਾਂ ਪਿੰਡ ਗੋਸਲ ਡੀ ਐਸ ਫੋਰ ਵੇਲੇ ਤੋਂ ਆਪਣਾ ਲੋਹਾ ਮੰਨਵਾਉਣ ਵਾਲਿਆਂ ਵਿੱਚ ਗਿਣਿਆ ਜਾਂਦਾ ਰਿਹਾ ਹੈ। ਇਥੋਂ ਦੇ ਲੋਕਾਂ ਨੂੰ ਸਾਹਿਬ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਜੀ ਦੇ ਨਾਂ ਦੀ ਜੋ ਗੁੜ੍ਹਤੀ ਦਿੱਤੀ ਸੀ। ਉਹ ਅੱਜ ਵੀ ਆਪਣੀਆਂ ਚਮਕਾਂ ਵਿਖੇਰ ਰਹੀ ਹੈ। ਮਿਸਾਲ ਵਜੋਂ ਪਿੰਡ ਗੋਸਲਾਂ ਦੇ ਹੀ ਗਰੀਬ ਪਰਿਵਾਰ ਨਾਲ ਸੰਬੰਧਤ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਕੱਟੜ ਸ਼ਰਧਾਲੂ ਸੋਢੀ ਗੋਸਲਾਂ ਵਾਲਾ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਮਿਸ਼ਨਰੀ ਪਰਿਵਾਰਾਂ ਵਿੱਚੋਂ ਉਸਦੇ ਪਰਿਵਾਰ ਦਾ ਨਾਮ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਸੋਢੀ ਗੋਸਲਾਂ ਵਾਲੇ ਨੇ ਦੱਸਿਆ ਕਿ ਜਿਸ ਰਹਿਬਰ ਨੇ ਸਾਨੂੰ ਕੁੱਲੀਆਂ ਤੋਂ ਮਹਿਲਾਂ ਵਾਲੇ ਬਣਾਇਆ। ਉਸਦੇ ਨਾਮ ਵਾਸਤੇ ਅੱਜ ਤੱਕ ਸਾਡੇ ਪਿੰਡ ਗੋਸਲ ਵਿਚ ਕੋਈ ਥਾਂ ਕਿਉਂ ਨਹੀਂ ਬਣਾਈ ਜਾ ਸਕਦੀ। ਜਿਥੇ ਅਸੀਂ ਉਸ ਮਹਾਂਪੁਰਖ ਦਾ ਨਾਮ ਲੈ ਕੇ ਕੁਝ ਕਰਜ਼ ਉਤਾਰਨ ਦੀ ਹਿੰਮਤ ਕਰ ਸਕੀਏ। ਜਦੋਂ ਬਾਕੀ ਪਿੰਡਾਂ ਵਿੱਚ ਲੱਗੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਆਦਮਕੱਦ ਬੁੱਤ ਵੇਖਦਾ ਸੀ ਤਾਂ ਮੇਰੇ ਮੰਨ ਵਿੱਚ ਖੋਹ ਜਿਹੀ ਪੈਂਦੀ ਸੀ, ਕਿ ਅਸੀਂ ਇੰਨੇ ਨਾਸ਼ੁਕਰੇ ਕਿਵੇਂ ਹੋ ਸਕਦੇ ਹਾਂ। ਸਾਨੂੰ ਮੁਰਦਿਆਂ ਤੋਂ ਇਨਸਾਨ ਬਣਾਉਣ ਵਾਲੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਤੇ ਸਾਡੀ ਮਰ ਚੁੱਕੀ ਗ਼ੈਰਤ ਤੇ ਮਰੀਆਂ ਜਮੀਰਾਂ ਜਗਾਉਣ ਵਾਲੇ ਸਾਹਿਬ ਕਾਂਸ਼ੀ ਰਾਮ ਜੀ ਦਾ ਮਿਸ਼ਨ ਸਾਡੇ ਹੁੰਦਿਆਂ ਅਧੂਰਾ ਹੀ ਰਹਿ ਜਾਵੇਗਾ, ਇਹ ਸੋਚ ਸੋਚ ਕੇ ਮੰਨ ਬੇਚੈਨ ਹੋ ਜਾਂਦਾ ਸੀ। ਸੋ ਮੰਨ ਵਿੱਚ ਨਾਲ ਸਮਝ ਵਿਚਾਰਾਂ ਕੀਤੀਆਂ ਕਿ ਬਾਬਾ ਸਾਹਿਬ ਜੀ ਦਾ ਬੁੱਤ ਪਿੰਡ ਗੋਸਲਾਂ ਦੀ ਸ਼ਾਨ ਜ਼ਰੂਰ ਬਣਾਉਣਾ ਹੈ। ਉਹ ਚਾਹੇ ਕਿਸੇ ਦਾ ਸਾਥ ਮਿਲ ਕੇ ਲੱਗੇ



ਚਾਹੇ ਇਕੱਲੇ ਨੂੰ ਲਗਾਉਣਾ ਪਵੇ। ਮੈਂ ਲਾਊਂਗਾ ਜ਼ਰੂਰ, ਇਹ ਮੇਰੀ ਵੀ ਜ਼ਿੱਦ ਹੈ। ਅੱਜ ਬਾਬਾ ਸਾਹਿਬ ਜੀ ਦੀ ਦਿੱਤੀ ਸੋਝੀ ਮੁਤਾਬਕ ਕੁਝ ਸਾਥ ਮਿਲਿਆ ਤੇ ਕੁਝ ਖੁਦ ਕਰਕੇ ਇਹ ਕੰਮ ਨੇਪਰੇ ਚਾੜ੍ਹਿਆ ਤੇ ਹੁਣ ਮੰਨ ਨੂੰ ਸਕੂਨ ਆ ਗਿਆ ਕਿ ਹੁਣ ਜਦੋਂ ਮਰਜ਼ੀ ਮੌਤ ਆ ਜਾਵੇ ਕੋਈ ਚਿੰਤਾਂ ਨਹੀਂ ਹੋਵੇਗੀ, ਕਿ ਮੈਂ ਪਿੰਡ ਵਿੱਚ ਕੁਝ ਕਰ ਨਾ ਸਕਿਆ। ਇਥੇ ਇਹ ਗੱਲ ਵੀ ਬਿਲਕੁਲ ਦਰੁਸਤ ਹੈ, ਕਿ ਪਿੰਡ ਗੋਸਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਆਦਮ ਕੱਦ ਬੁੱਤ ਲਗਾਉਣਾ ਸੋਢੀ ਗੋਸਲਾਂ ਵਾਲੇ ਦੀ ਮਿਹਨਤ ਔਰ ਸਿਰੜ ਦੀ ਮਿਸਾਲ ਬਣਿਆ ਹੈ। ਭਾਵੇਂ ਕਿ ਉਹ ਆਰਥਿਕ ਤੌਰ ਤੇ ਬਹੁਤ ਹੀ ਗਰੀਬ ਹੈ। ਪਰ ਉਸ ਦੇ ਦਿਮਾਗ ਵਿੱਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਸੋਚ ਨੇ ਪੂਰੀ ਤਰ੍ਹਾਂ ਘਰ ਕਰ ਲਿਆ ਸੀ। ਜਿਸ ਨੇ ਦਿਨਾਂ ਦਾ ਚੈਨ ਤੇ ਰਾਤਾਂ ਦਾ ਆਰਾਮ ਖੋਹ ਛੱਡਿਆ ਸੀ। ਇਸ ਕਰਕੇ ਹੀ ਤਾਂ ਉਸ ਇਨਸਾਨ ਨੇ ਬਾਬਾ ਸਾਹਿਬ ਦੇ ਮਿਸ਼ਨ ਤੇ ਪਹਿਰਾ ਦੇਣ ਵਾਲਿਆਂ ਅੱਗੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਆਦਮ ਕੱਦ ਬੁੱਤ ਲਗਾਉਣ ਦੀ ਮੰਗ ਰੱਖੀ। ਜਿਸ ਮੰਗ ਦਾ ਹਰ ਇਕ ਨੇ ਬਿਨਾਂ ਸੋਚੇ ਸਮਰਥਨ ਦਿੱਤਾ ਤੇ ਆਪਣਾ ਕੰਮ ਸਮਝ ਕੇ ਤਨ, ਮਨ, ਧੰਨ ਨਾਲ ਮੇਰਾ ਸਾਥ ਦਿੱਤਾ। ਸੋਢੀ ਗੋਸਲਾਂ ਨੇ ਪਹਿਲਾਂ ਪਿੰਡ ਦੀ ਪੰਚਾਇਤ ਕੋਲ ਪਹੁੰਚ ਕਰ ਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਆਦਮਕੱਦ ਬੁੱਤ ਲਗਾਉਣ ਲਈ ਬੇਨਤੀ ਕੀਤੀ। ਅੱਗੋਂ ਪਿੰਡ ਦੀ ਚੁਣੀ ਹੋਈ ਸੂਝਵਾਨ ਪੰਚਾਇਤ ਨੇ ਵੀ ਬਿਨਾਂ ਕਿਸੇ ਹਿਚਕਚਾਹਟ ਦੇ ਫੌਰਨ ਤੋਂ ਪਹਿਲਾਂ ਪੰਚਾਇਤ ਦੇ ਰਜਿਸਟਰਾਂ ਵਿਚ ਮਤਾ ਕੇ ਪ੍ਰਵਾਨਗੀ ਦੇ ਦਿੱਤੀ। ਪਿੰਡ ਦੀ ਪੰਚਾਇਤ ਪਾਸੋਂ ਮਤਾਂ ਪਾਸ ਕਰਵਾਇਆ, ਕਿ ਇਥੇ ਹੀ ਬਾਬਾ ਸਾਹਿਬ ਜੀ ਦਾ ਬੁੱਤ ਸਥਾਪਤ ਹੋਵੇਗਾ। ਇਸ ਉਪਰੰਤ ਇਹ ਕੰਮ ਵੱਡਾ ਕੰਮ ਸਿਰੇ ਲੱਗਣ ਤੇ ਸੋਢੀ ਗੋਸਲ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਗਰੀਬ ਤੇ ਪੱਛੜੇ ਵਰਗ ਨੂੰ ਦਿੱਤੇ ਰਿਜ਼ਰਵੇਸ਼ਨ ਦੇ ਫਾਇਦੇ ਨਾਲ ਨੌਕਰੀਆਂ ਵਿੱਚ ਬਣੇ ਹੋਏ ਡਾਕਟਰ, ਮਾਸਟਰ, ਐਨ ਆਰ ਆਈ, ਮੈਂਬਰ, ਸਰਪੰਚ,ਪੰਚ, ਨੰਬਰਦਾਰ ਅਤੇ ਬਾਬਾ ਸਾਹਿਬ ਦੇ ਮਿਸ਼ਨ ਤੇ ਚੱਲਣ ਵਾਲੇ ਵਰਕਰਾਂ ਨੇ ਵੀ ਮੋਢੇ ਨਾਲ ਮੋਢਾ ਜੋੜ ਕੇ ਸੋਢੀ ਗੋਸਲਾਂ ਵਾਲੇ ਦਾ ਸਾਥ ਦਿੱਤਾ। ਜਿਨ੍ਹਾਂ ਵਿੱਚ ਕੁੱਝ ਨਾਮਵਰ ਚਿਹਰਿਆਂ ਵਜੋਂ ਡਾਕਟਰ ਕਸ਼ਮੀਰ ਚੰਦ, ਡਾਕਟਰ ਅਮਰੀਕ ਸਿੰਘ, ਮਾਸਟਰ ਕੁਲਵਿੰਦਰ ਸਿੰਘ, ਸੁਰਜੀਤ ਗੋਸਲਾਂ ਅਤੇ ਹੋਰ ਬਹੁਤ ਸਾਰੇ ਪਿਆਰੇ ਤੇ ਨਾਮਵਰ ਹਸਤੀਆਂ ਨੇ ਵੀ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਪ੍ਰਤੀ ਵਚਨਬੱਧ ਹੋ ਕੇ ਅੱਗੇ ਵੱਧ-ਚੜ੍ਹ ਕੇ ਸਾਥ ਦਿੱਤਾ। ਅੱਜ ਸੋਢੀ ਗੋਸਲ ਇਹ ਕਹਿੰਦਾਂ ਅੱਖਾਂ ਭਰ ਲੈਂਦਾ ਹੈ ਕਿ ਅਸੀਂ ਬਾਬਾ ਸਾਹਿਬ ਦੇ ਸਾਡੇ ਪ੍ਰਤੀ ਕੀਤੇ ਕੰਮਾਂ ਦਾ ਥੋੜਾ ਜਿਹਾ ਹੀ ਕਰਜ਼ ਉਤਾਰਨ ਦੀ ਕੋਸ਼ਿਸ਼ ਕੀਤੀ ਹੈ। ਹੁਣ ਸਾਡੇ ਬੱਚੇ ਆਉਣ ਵਾਲੇ ਸਮੇਂ ਵਿੱਚ ਇਥੋਂ ਹੋਰ ਸਿੱਖਿਆਵਾਂ ਲੈਣਗੇ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਦਰਸਾਏ ਮਾਰਗ ਤੇ ਚੱਲ ਕੇ ਆਪਣਾ ਤੇ ਆਉਣ ਵਾਲੀਆਂ ਨਸਲਾਂ ਵਿੱਚ ਸੁਧਾਰ ਕਰਕੇ ਇਸ ਪਾਸੇ ਹੋਰ ਮਜ਼ਬੂਤੀ ਨਾਲ ਜੁੜਨਗੇ ਤੇ ਅਸਰ ਕਰਨਗੇ। ਇਹ ਸੀ ਗਰੀਬ ਪਰਿਵਾਰ ਵਿੱਚ ਜੰਮੇ,ਪਲੇ ਸੋਢੀ ਗੋਸਲਾਂ ਵਾਲੇ ਦੀ ਕਹਾਣੀ ਜੋ ਆਪ ਬੀਤੀ ਬਣ ਕੇ ਜ਼ਮੀਨ ਤੇ ਪ੍ਰਗਟ ਹੋ ਗਈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਪ੍ਰਧਾਨ ਡਾ. ਜਸਵੀਰ ਸਿੰਘ ਗੜ੍ਹੀ ਜੀ ਪ੍ਰਧਾਨਗੀ ਹੇਠ ਹੋਈ

**ਸੜੋਆ( ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਸੜੋਆ ਰਜਿਸਟਰ ਨੰਬਰ 295 ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜੀ ਦੀ ਪ੍ਰਧਾਨਗੀ ਹੇਠ ਹੋਈ ਇਹ ਮੀਟਿੰਗ ਸ਼ਹੀਦ ਭਗਤ ਸਿੰਘ ਜੀ ਨੂੰ ਸਮਰਪਿਤ ਕੀਤੀ ਗਈ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ ਅਤੇ ਡਾਕਟਰ ਜਸਵੀਰ ਸਿੰਘ ਗੜ੍ਹੀ ਅਤੇ ਸ਼ਿੰਦਰਪਾਲ ਨੇ ਬੋਲਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾ ਨੂੰ ਆਪਣੇ ਕਿੱਤੇ ਨੂੰ ਬਚਾਉਣ ਸੰਘਰਸ਼





ਕਰਦਿਆਂ ਬਹੁਤ ਲੰਮਾ ਸਮਾਂ ਹੋ ਗਿਆ ਹੈ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਲਾਰਿਆਂ ਦੇ ਨਾਲ਼ ਮਸਲੇ ਨੂੰ ਲਟਕਾ ਕੇ ਰੱਖਿਆ ਹੋਇਆ ਹੈ ਚਾਹੇ ਉਹ ਕੇਂਦਰ ਸਰਕਾਰ ਹੋਵੇ ਜਾ ਪੰਜਾਬ ਸਰਕਾਰ ਹੋਵੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨ ਪੁਰ ਵਿਸ਼ੇਸ਼ ਤੌਰ ਤੇ ਹਾਜਰ ਹੋਏ ਅਤੇ ਬੋਲਦਿਆਂ ਕਿਹਾ ਕਿ ਪੰਜਾਬ ਵਿਚ ਸੁਨਾਮ ਵਿਖੇ ਮੰਤਰੀ ਅਮਨ ਅਰੋੜਾ ਦੀ ਕੋਠੀ ਦਾ ਘਿਰਾਓ ਕੀਤਾ ਗਿਆ ਅਤੇ ਮੰਗ ਪੱਤਰ ਦਿੱਤਾ ਗਿਆ ਓਹਨਾ ਸਰਕਾਰ ਨੂੰ ਚਿਤਾਵਨੀ ਦਿੰਦਿਆ ਕਿਹਾ ਕੇ ਹੈ ਕਰ ਸਾਡੀਆ ਮੰਗਾ ਨਹੀ ਮੰਨਿਆ ਤਾ ਸੰਗਰਸ਼ ਨੂੰ ਹੋਰ ਤੇਜ਼ ਕੀਤਾ ਜਾਵੇ ਗਾ ਜੇ ਕਰ ਸਰਕਾਰ ਨੇ ਸਾਡੀਆ ਮੰਗਾ ਨਾਹ ਮੰਨਿਆ ਤਾ ਇਸ ਤੂੰ ਬਦ ਕੇ ਸੰਗਰਸ਼ ਕੀਤਾ ਜਾਵੇ ਗਾ ਇਸ ਦੌਰਾਨ ਹਾਜ਼ਰ ਹੋਏ ਡਾਕਟਰ ਲਲਿਤ ਕੁਮਾਰ ਵਾਈਸ ਪ੍ਰਧਾਨ ਡਾਕਟਰ ਸ਼ਿੰਦਰਪਾਲ ਜਨਰਲ ਸਕੱਤਰ ਡਾਕਟਰ ਜਗਤਾਰ ਸਿੰਘ ਕੈਸ਼ੀਅਰ ਡਾਕਟਰ ਹੰਸ ਰਾਜ ਡਾਕਟਰ ਮੰਗਾ ਪੈਲੀ ਡਾਕਟਰ ਹੈਪੀ ਡਾਕਟਰ ਜਸਵੀਰ ਸਿੰਘ ਡਾਕਟਰ ਸ਼ੇਰ ਸਿੰਘ ਡਾਕਟਰ ਇਕਬਾਲ ਸਿੰਘ ਡਾਕਟਰ ਜੋਗ ਰਾਜ ਡਾਕਟਰ ਰਾਕੇਸ਼ ਕੁਮਾਰ ਡਾਕਟਰ ਪ੍ਰੇਮ ਕੁਮਾਰ ਡਾਕਟਰ ਅਮਰਜੀਤ ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ ਆਦਿ ਡਾਕਟਰ ਬਲਵੀਰ ਮਾਨ ਨੂੰ ਜ਼ਿਲ੍ਹ ਦਾ ਮੀਡੀਆ ਇੰਚਾਰਜ ਲਗਾਇਆ ਗਿਆ।

# ਨਾਗਰਿਕ ਦਸਤਾਵੇਜ਼ ਬਣਾਉਣ ਦੀਆਂ ਸੁਵਿਧਾਵਾਂ ਲਈ ਪੰਜਾਬ ਸਰਕਾਰ ਦੇ ਹੈਲਪ ਲਾਈਨ ਨੰ 1076 ਦਾ ਲਾਭ ਉਠਾਉਣ - ਸਿਮਰਨਜੋਤ ਭਾਰਤੀ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ: ਭ: ਸ: ਨਗਰ ਦੀ ਪੈਰਾ ਲੀਗਲ ਵਲੰਟੀਅਰ ਅਤੇ ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਡਾਕੂਮੈਂਟੇਸ਼ਨ ਅਫ਼ਸਰ ਕੁਮਾਰੀ ਸਿਮਰਨਜੋਤ ਭਾਰਤੀ ਨੇ ਕਿਹਾ ਹੈ, ਕਿ ਨਾਗਰਿਕ ਆਪਣੇ ਦਸਤਾਵੇਜ਼ ਬਣਾਉਣ ਦੀਆਂ ਸੁਵਿਧਾਵਾਂ ਲਈ ਪੰਜਾਬ ਸਰਕਾਰ ਦੇ ਹੈਲਪ ਲਾਈਨ ਨੰ 1076 ਦਾ ਲਾਭ ਉਠਾਉਣ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਪਹਿਲੀ ਅਪ੍ਰੈਲ ਤੋਂ ਅਨੂਸੂਚਿਤ ਜਾਤੀਆਂ ਦੀਆਂ ਔਰਤਾਂ ਲਈ 1500/- ਰੁ ਮਾਸਿਕ ਅਤੇ ਜਨਰਲ ਜਾਤੀਆਂ ਦੀਆਂ ਔਰਤਾਂ ਲਈ 1000/- ਰੁ: ਮਾਸਿਕ ਵਿੱਤੀ ਸਹਾਇਤਾ ਦੇਣ ਨੂੰ ਮੰਤਰੀ ਮੰਡਲ ਪਾਸੋਂ ਮਿਲੀ ਪ੍ਰਵਾਨਗੀ ਤੋਂ ਪੰਜਾਬ ਭਰ ਦੇ ਸੁਵਿਧਾ ਕੇਂਦਰਾਂ ਵਿੱਚ ਸੰਬੰਧਿਤ ਲੋੜੀਂਦੇ ਦਸਤਾਵੇਜ਼ ਖਾਸ ਕਰਕੇ ਅਨੂਸੂਚਿਤ ਜਾਤੀ ਸਰਟੀਫਿਕੇਟ ਬਣਾਉਣ ਲਈ ਖਾਸ ਕਰਕੇ ਔਰਤਾਂ ਵੱਡੀ ਗਿਣਤੀ ਵਿੱਚ ਆ



ਰਹੀਆਂ ਹਨ। ਜਿਸ ਕਾਰਨ ਸੁਵਿਧਾ ਕੇਂਦਰਾਂ ਵਿੱਚ ਸਵੇਰੇ 7 ਵਜੇ ਤੋਂ ਲਾਈਨਾਂ ਵਿੱਚ ਲੱਗ ਕੇ ਟੋਕਨ ਲੈਣ ਵਾਲਿਆਂ ਵਿੱਚੋਂ ਵੀ ਬਹੁਤਿਆਂ ਨੂੰ ਨਿਰਾਸ਼ ਮੁੜਨਾ ਪੈ ਰਿਹਾ ਹੈ। ਨਾਗਰਿਕਾਂ ਦੀ ਇਸ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਮਰਨਜੋਤ ਭਾਰਤੀ ਨੇ ਦੱਸਿਆ ਕਿ ਜੇਕਰ ਨਾਗਰਿਕਾਂ ਨੂੰ ਲੇਬਰ ਕਾਰਡ, ਅਨੂਸੂਚਿਤ ਜਾਤੀਆਂ/ਪੰਜਾਬ ਵਸਨੀਕ ਸਰਟੀਫਿਕੇਟ ਜਾਂ ਕੋਈ ਹੋਰ ਦਸਤਾਵੇਜ਼ ਬਣਾਉਣ ਲਈ ਸੁਵਿਧਾ ਕੇਂਦਰਾਂ ਵਿੱਚ ਕੋਈ ਸਮੱਸਿਆ ਆ ਰਹੀ ਹੈ, ਤਾਂ ਉਹ ਪੰਜਾਬ ਸਰਕਾਰ ਦੇ ਹੈਲਪ ਲਾਈਨ ਨੰ 1076 ਤੇ ਫੋਨ ਜਰੂਰ ਕਰਨ। ਇਸ ਹੈਲਪਲਾਈਨ ਨੰ ਰਾਹੀਂ ਹੁੰਦੀ ਮੁਲਾਕਾਤ ਵਿੱਚ ਲੋੜੀਂਦੇ ਦਸਤਾਵੇਜ਼ ਬਣਾਉਣ ਲਈ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ ਅਤੇ ਸਮਾਂ ਤੈਅ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਤੈਅ ਕੀਤੇ ਸਮੇਂ ਅਨੁਸਾਰ ਮੁਲਾਜ਼ਮ ਘਰ ਆ ਕੇ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਹੈਲਪ ਲਾਈਨ ਰਾਹੀਂ ਵੱਡੀ ਖੱਜਲ ਖ਼ੁਆਰੀ ਤੋਂ ਬਚਿਆ ਜਾ ਸਕਦਾ ਹੈ।

# ਘਰ ਦੇ ਬਾਹਰ 80 ਸਾਲਾਂ ਔਰਤ ਦੀ ਛੁਰੀ ਮਾਰ ਕੇ ਹੱਤਿਆ, 60 ਸਾਲਾ ਵਿਅਕਤੀ ਗ੍ਰਿਫ਼ਤਾਰ

**ਲੈਸਟਰ (ਇੰਗਲੈਂਡ),2 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)**–ਇੰਗਲੈਂਡ ਦੇ ਦੱਖਣ-ਪੂਰਬੀ ਇਲਾਕੇ ਪਲਮਸਟੈੱਡ ਵਿੱਚ ਇੱਕ ਦਿਲ ਦਹਲਾ ਦੇਣ ਵਾਲੀ ਘਟਨਾ ਵਿੱਚ 80 ਸਾਲਾਂ ਦੀ ਇੱਕ ਔਰਤ ਨੂੰ ਉਸਦੇ ਘਰ ਦੇ ਬਾਹਰ ਛੁਰੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਮਾਮਲੇ ਵਿੱਚ ਪੁਲਿਸ ਨੇ 60 ਸਾਲਾਂ ਦੇ ਇੱਕ ਵਿਅਕਤੀ ਨੂੰ ਕਤਲ ਦੇ ਸ਼ੱਕ ‘ਚ ਗ੍ਰਿਫ਼ਤਾਰ ਕਰ ਲਿਆ ਹੈ।

ਮੈਟਰੋਪੋਲਿਟਨ ਪੁਲਿਸ ਮੁਤਾਬਕ ਇਹ ਘਟਨਾ ਬੁੱਧਵਾਰ ਸਵੇਰੇ ਉਸ ਵੇਲੇ ਸਾਹਮਣੇ ਆਈ ਜਦੋਂ ਪੁਲਿਸ ਨੂੰ ਇੱਕ ਵਿਅਕਤੀ ਵੱਲੋਂ ਛੁਰੀ ਨਾਲ ਧਮਕਾਉਣ ਦੀ ਸੂਚਨਾ ਮਿਲੀ। ਜਾਣਕਾਰੀ ਮਿਲਦੇ ਹੀ ਪੁਲਿਸ ਟੀਮ ਤੁਰੰਤ ਮੌਕੇ ‘ਤੇ ਪਹੁੰਚੀ। ਉੱਥੇ ਇੱਕ ਬਜ਼ੁਰਗ ਔਰਤ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲੀ, ਜਿਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ।

ਡਾਕਟਰਾਂ ਵੱਲੋਂ ਪੂਰੀ ਕੋਸ਼ਿਸ਼ਾਂ ਦੇ ਬਾਵਜੂਦ ਬਜ਼ੁਰਗ ਔਰਤ ਦੀ ਜਾਨ ਨਹੀਂ ਬਚ ਸਕੀ ਅਤੇ ਉਸਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਘਟਨਾ ਦੌਰਾਨ ਇੱਕ ਹੋਰ ਵਿਅਕਤੀ ਨੂੰ ਵੀ ਛੁਰੀ ਨਾਲ ਧਮਕਾਇਆ ਗਿਆ ਸੀ, ਹਾਲਾਂਕਿ ਉਹ ਕਿਸੇ ਵੀ ਤਰ੍ਹਾਂ ਜ਼ਖ਼ਮੀ ਨਹੀਂ ਹੋਇਆ।

ਪੁਲਿਸ ਦੇ ਅਨੁਸਾਰ ਕੁਝ ਸਮੇਂ ਬਾਅਦ ਇੱਕ 60 ਸਾਲਾ ਵਿਅਕਤੀ ਨੇ ਨੇੜਲੇ ਪੁਲਿਸ ਸਟੇਸ਼ਨ ‘ਤੇ ਖੁਦ ਪੇਸ਼ ਹੋ ਕੇ ਆਪਣੀ ਹਾਜ਼ਰੀ ਦਰਜ ਕਰਵਾਈ, ਜਿਸ ਤੋਂ ਬਾਅਦ ਉਸਨੂੰ ਕਤਲ ਦੇ ਸ਼ੱਕ ‘ਚ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਹੈ ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਕਿਹਾ ਕਿ ਉਸਨੂੰ ਲੱਗੀਆਂ ਚੋਟਾਂ ਜਾਨਲੇਵਾ ਨਹੀਂ ਹਨ।

ਜਾਂਚ ਅਧਿਕਾਰੀ ਡਿਟੈਕਟਿਵ ਇੰਸਪੈਕਟਰ ਡੀਨ ਗ੍ਰਾਈਸ ਨੇ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਘਟਨਾ ਹੈ ਅਤੇ ਪੁਲਿਸ ਇਸ ਮਾਮਲੇ ਦੀ ਪੂਰੀ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਪਰਿਵਾਰ ਨਾਲ ਸੰਪਰਕ ਬਣਾਇਆ ਰੱਖਿਆ ਗਿਆ ਹੈ ਅਤੇ ਵਿਸ਼ੇਸ਼ ਤੌਰ ‘ਤੇ ਤਰਬੀਅਤਯਾਫ਼ਤਾ ਅਧਿਕਾਰੀ ਪਰਿਵਾਰ ਦੀ ਮਦਦ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਪੂਰੀ ਪੜਤਾਲ ਲਈ ਤੁਰੰਤ ਅਤੇ ਸਾਂਝੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤਾਂ ਜੋ ਘਟਨਾ ਦੇ ਸਾਰੇ ਪੱਖਾਂ ਨੂੰ ਸਾਹਮਣੇ ਲਿਆ ਜਾ ਸਕੇ।

ਇਸ ਸਬੰਧੀ ਸਥਾਨਕ ਪੁਲਿਸ ਮੁਖੀ ਡਿਟੈਕਟਿਵ ਸੁਪਰਿੰਟੈਂਡੈਂਟ ਜੇਮਸ ਡੇਰਹਮ ਨੇ ਕਿਹਾ ਕਿ ਮੌਜੂਦਾ ਜਾਣਕਾਰੀ ਮੁਤਾਬਕ ਇਹ ਇੱਕ ਇਕੱਲੀ ਘਟਨਾ ਲੱਗਦੀ ਹੈ ਅਤੇ ਜਨਤਾ ਲਈ ਕਿਸੇ ਵੱਡੇ ਖ਼ਤਰੇ ਦੀ ਕੋਈ ਸੰਭਾਵਨਾ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਇਲਾਕੇ ਵਿੱਚ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਹੈ ਅਤੇ ਪੁਲਿਸ ਜਾਂਚ ਜਾਰੀ ਹੈ।

ਪੁਲਿਸ ਦਾ ਮੰਨਣਾ ਹੈ ਕਿ ਗ੍ਰਿਫ਼ਤਾਰ ਵਿਅਕਤੀ ਅਤੇ ਮ੍ਰਿਤਕ ਔਰਤ ਇੱਕ ਦੂਜੇ ਨੂੰ ਜਾਣਦੇ ਸਨ। ਇਸ ਸਮੇਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਪੁਲਿਸ ਘਟਨਾ ਨਾਲ ਜੁੜੇ ਹੋਰ ਸਬੂਤ ਇਕੱਠੇ ਕਰ ਰਹੀ ਹੈ।

# ਜ਼ਿਲ੍ਹੇ ’ਚ ਰੋਜ਼ਾਨਾ ਤਿੰਨ ਗੈਸ ਏਜੰਸੀਆਂ ਤੇ ਪੈਟਰੋਲ ਪੰਪਾਂ ਦੀ ਕੀਤੀ ਜਾ ਰਹੀ ਚੈਕਿੰਗ - ਡਿਪਟੀ ਕਮਿਸ਼ਨਰ

## ਜ਼ਿਲ੍ਹੇ ’ਚ ਪੈਟਰੋਲ, ਡੀਜ਼ਲ ਤੇ ਐਲ.ਪੀ.ਜੀ. ਦਾ ਲੋੜੀਂਦਾ ਸਟਾਕ ਮੌਜੂਦ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ. ਦਾ ਲੋੜੀਂਦੀ ਮਾਤਰਾ ਵਿੱਚ ਸਟਾਕ ਉਪਲਬੱਧ ਹੈ। ਉਨ੍ਹਾਂ ਦੱਸਿਆ ਜ਼ਿਲ੍ਹਾ ਵਾਸੀਆਂ ਨੂੰ ਪੈਟਰੋਲ, ਡੀਜ਼ਲ ਤੇ ਐਲ.ਪੀ.ਜੀ. ਸਬੰਧੀ ਕੋਈ ਸਮੱਸਿਆ ਪੇਸ਼ ਨਾ ਆਵੇ ਨੂੰ ਧਿਆਨ ਵਿੱਚ ਰੱਖਦਿਆਂ ਰੋਜ਼ਾਨਾ ਜ਼ਿਲ੍ਹੇ ਦੀਆਂ ਤਿੰਨ ਗੈਸ ਏਜੰਸੀਆਂ ਤੇ ਪੈਟਰੋਲ ਪੰਪਾਂ ਦੀ ਨਿਯਮਤ ਜਾਂਚ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆ ਨੂੰ ਅਪੀਲ ਕੀਤੀ ਕਿ ਲੋਕਾਂ ਨੂੰ ਘਬਰਾ ਕੇ ਖ਼ਰੀਦਦਾਰੀ ਕਰਨ ਦੀ ਲੋੜ ਲਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਪੈਟਰੋਲ ,ਡੀਜ਼ਲ ਤੇ ਐਲ.ਪੀ.ਜੀ. ਗੈਸ ਵਾਜਬ ਕੀਮਤਾਂ ‘’ਤੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਲੋਂ ਜ਼ਿਲ੍ਹੇ ਵਿੱਚ ਪੂਰੀ ਸਥਿਤੀ ਉਤੇ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ ਤੇ ਸਥਿਤੀ ਬਿਲਕੁਲ ਕਾਬੂ ਹੇਠ ਹੈ। ਉਨ੍ਹਾਂ ਕਿਹਾ ਕਿ ਪੈਟਰੋਲੀਅਮ ਪਦਾਰਥਾਂ ਦੀਆਂ ਏਜੰਸੀਆ ਨਾਲ ਪ੍ਰਸ਼ਾਸਨ ਵਲੋਂ ਲਗਾਤਾਰ ਰਾਬਤਾ ਕਾਇਮ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਪਹਿਲਾਂ ਹੀ ਜਰੂਰੀ ਚੀਜਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਜਰੂਰੀ ਸੇਵਾਵਾਂ ਪ੍ਰਬੰਧਨ ਕਾਨੂੰਨ (ਈ.ਐਸ.ਐਮ.ਏ.) ਨੂੰ ਲਾਗੂ ਕੀਤਾ ਗਿਆ ਹੈ। ਉਨ੍ਹਾਂ ਤਾੜਨਾ ਕੀਤੀ ਜਰੂਰੀ ਚੀਜਾਂ ਜਿਵੇਂ ਐਲ.ਪੀ.ਜੀ. ਸਿਲੰਡਰ ਅਤੇ ਪੈਟਰੋਲੀਅਮ ਪਦਾਰਥਾਂ ਦੀ ਕਾਲਾ ਬਜਾਰੀ ਕਰਨ ਵਾਲਿਆ ਖਿਲਾਫ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸੰਯੋਗੀਤਾ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਆਉਂਦੀਆਂ ਸਾਰੀਆਂ ਗੈਸ ਏਜੰਸੀਆਂ ਕੋਲ ਘਰੇਲੂ ਗੈਸ ਸਿਲੰਡਰਾਂ ਦਾ ਲੋੜੀਂਦਾ ਸਟਾਕ ਉਪਲੱਬਧ ਹੈ ਅਤੇ ਸਪਲਾਈ ਨਿਰੰਤਰ ਜਾਰੀ ਹੈ।

# ਦਸਮੇਸ਼ ਕਲੱਬ, ਰੋਪੜ ਵੱਲੋਂ ਖ਼ੂਨਦਾਨ ਕੈਂਪ 04 ਅਪ੍ਰੈਲ ਨੂੰ

**ਰੋਪੜ, 02 ਅਪ੍ਰੈਲ (ਰੋਮੀ ਘੜਾਮਾਂ):** ਦਸਮੇਸ਼ ਯੂਥ ਕਲੱਬ (ਰਜਿ:), ਗ੍ਰੀਨ ਐਵੇਨਿਊ, ਰੋਪੜ ਵੱਲੋਂ ਸ. ਬਘੇਲ ਸਿੰਘ ਐਮ.ਡੀ. ਆਰ.ਪੀ.ਬੀ. ਗਰੁੱਪ ਦੇ ਸਹਿਯੋਗ ਨਾਲ ਮਨੁੱਖਤਾ ਦੀ ਸੇਵਾ ਦੇ ਉਦੇਸ਼ ਨਾਲ 04 ਅਪ੍ਰੈਲ 2026, ਸ਼ਨੀਵਾਰ ਨੂੰ ਸ਼ਾਮ 06:00 ਵਜੇ ਤੋਂ 10:00 ਵਜੇ ਤੱਕ ਗੋਬਿੰਦ ਵੈਲੀ, ਰੋਪੜ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਜਿੱਥੇ ਸੁਰਜੀਤ ਹਸਪਤਾਲ ਦੀ ਟੀਮ ਵੱਲੋਂ ਸਾਰੇ ਪ੍ਰਬੰਧ ਕੀਤੇ ਜਾਣਗੇ। ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਨਾਗਰਾ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡੀ ਸੇਵਾ ਹੈ। ਜੋ ਕਈ ਜਿੰਦਗੀਆਂ ਬਚਾਉਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ।




ਉਨ੍ਹਾਂ ਅਪੀਲ ਕੀਤੀ ਕਿ ਹਰ ਸਿਹਤਮੰਦ ਵਿਅਕਤੀ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ ਤਾਂ ਜੋ ਜ਼ਰੂਰਤਮੰਦ ਮਰੀਜ਼ਾਂ ਨੂੰ ਸਮੇਂ ਸਿਰ ਖੂਨ ਪ੍ਰਾਪਤ ਹੋ ਸਕੇ। ਕਲੱਬ ਮੈਂਬਰਾਂ ਨੇ ਇਲਾਕੇ ਦੇ ਨੌਜਵਾਨਾਂ ਅਤੇ ਸਮਾਜ ਸੇਵੀਆਂ ਨੂੰ ਇਸ ਕੈਂਪ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ ਹੈ। ਇਸ ਮੌਕੇ ਜਰਨੈਲ ਸਿੰਘ, ਹਰਪ੍ਰੀਤ ਸਿੰਘ ਭੂਰਾ, ਤਜਿੰਦਰ ਸਿੰਘ ਲਾਲੀ, ਨਿਰੰਜਨ ਸਿੰਘ, ਪਰਮਜੀਤ ਸਿੰਘ, ਅਮਨਪ੍ਰੀਤ ਸਿੰਘ ਜੇ.ਈ. ਅਤੇ ਹੋਰ ਪਤਵੰਤੇ ਹਾਜਰ ਸਨ।

# ਜ਼ਿਲ੍ਹਾ ਹੁਸ਼ਿਆਰਪੁਰ ’ਚ ਸ਼ਾਮ 7 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ ’ਤੇ ਪਾਬੰਦੀ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸ਼ਾਮ 7 ਵਜੇ ਤੋਂ ਲੈ ਕੇ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ ’ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕਣਕ ਦੀ ਕਟਾਈ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਉਹ ਹਾਰਵੈਸਟਰ ਕੰਬਾਇਨ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਦੀ ਖੇਤੀਬਾੜੀ ਵਿਭਾਗ ਰਾਹੀਂ ਮਸ਼ੀਨ ਦੀ ਇੰਸਪੈਕਸ਼ਨ ਲਾਜ਼ਮੀ ਕਰਵਾਉਣ ਅਤੇ ਕੋਈ ਵੀ ਕੰਬਾਇਨ ਹਾਰਵੈਸਟਰ ਸੁਪਰ ਐਸ.ਐਮ.ਐਸ. ਲਗਾਏ ਬਗੈਰ ਨਾ ਵਰਤੀ ਜਾਵੇ। ਇਹ ਹੁਕਮ 31 ਮਈ 2026 ਤੱਕ ਲਾਗੂ ਰਹੇਗਾ। ਜਾਰੀ ਹੁਕਮਾਂ ਅਨੁਸਾਰ ਕਣਕ ਨੂੰ ਕੱਟਣ ਲਈ ਕੰਬਾਇਨਾਂ 24 ਘੰਟੇ ਕੰਮ ਕਰਦੀਆਂ ਹਨ ਅਤੇ ਕੰਬਾਇਨਾਂ ਰਾਤ ਵੇਲੇ ਤਰੇਲ ਪੈਣ ਕਾਰਨ ਗਿੱਲੀ ਹੋਈ ਕਣਕ ਨੂੰ ਕੱਟ ਦਿੰਦੀਆਂ ਹਨ। ਇਸ ਤਰ੍ਹਾਂ ਕਣਕ ਵਿਚ ਨਮੀ ਹੋਣ ਕਰਕੇ ਸਰਕਾਰ ਦੀ ਨਿਰਧਾਰਤ ਮਾਪਦੰਡਾਂ ਤੋਂ ਵੱਧਣ ਦੀ ਸੰਭਾਵਨਾ ਹੁੰਦੀ ਹੈ। ਅਜਿਹੀ ਕਣਕ ਖਰੀਦ ਏਜੰਸੀਆਂ ਖਰੀਦਣ ਤੋਂ ਅਸਮਰੱਥ ਹੁੰਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਕਣਕ ਵੇਚਣ ਵਿਚ ਬਿਨਾਂ ਵਜ੍ਹਾ ਮੰਡੀਆਂ ਵਿਚ ਖੱਜਲ-ਖੁਆਰ ਹੋਣਾ ਪੈਂਦਾ ਹੈ ਜਿਸ ਕਰਕੇ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਜ਼ਿਲ੍ਹਾ ਮੈਜਿਸਟਰੇਟ ਨੇ ਇਹ ਵੀ ਅਪੀਲ ਕੀਤੀ ਕਿ ਕਣਕ ਦੇ ਨਾੜ ਜਾਂ ਰਹਿੰਦ-ਖੂਹੰਦ ਨੂੰ ਅੱਗ ਨਾ ਲਾਈ ਜਾਵੇ ਜਿਸ ਨਾਲ ਸਾਫ-ਸੁਥਰਾ ਵਾਤਾਵਰਣ ਦੂਸ਼ਿਤ ਹੁੰਦਾ ਹੈ।



# ਡਾਕਟਰ 7 ਅਪ੍ਰੈਲ ਤੋਂ ਛੇ ਦਿਨ ਦੀ ਹੜਤਾਲ 'ਤੇ ਜਾਣਗੇ

**ਲੈਸਟਰ (ਇੰਗਲੈਂਡ), 2 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਵਿੱਚ ਐਨਐਚਐਸ ਦੇ ਰਿਹਾਇਸ਼ੀ ਡਾਕਟਰ (ਜਿਨ੍ਹਾਂ ਨੂੰ ਪਹਿਲਾਂ ਜੂਨੀਅਰ ਡਾਕਟਰ ਕਿਹਾ ਜਾਂਦਾ ਸੀ) ਅਗਲੇ ਹਫ਼ਤੇ ਛੇ ਦਿਨ ਦੀ ਹੜਤਾਲ 'ਤੇ ਜਾਣ ਦੀ ਤਿਆਰੀ ਕਰ ਰਹੇ ਹਨ। ਸਰਕਾਰ ਅਤੇ ਡਾਕਟਰਾਂ ਦੀ ਯੂਨੀਅਨ ਵਿਚਕਾਰ ਤਨਖ਼ਾਹ ਅਤੇ ਕੰਮਕਾਜੀ ਸ਼ਰਤਾਂ ਬਾਰੇ ਕੋਈ ਸਮਝੌਤਾ ਨਾ ਹੋਣ ਕਾਰਨ ਇਹ ਫੈਸਲਾ ਲਿਆ ਗਿਆ ਹੈ।
ਡਾਕਟਰਾਂ ਦੀ ਹੜਤਾਲ 7 ਅਪ੍ਰੈਲ ਤੋਂ ਸ਼ੁਰੂ ਹੋ ਕੇ ਛੇ ਦਿਨ ਤੱਕ ਜਾਰੀ ਰਹੇਗੀ। ਇਹ ਹੜਤਾਲ ਇਸਟਰ ਬੈਂਕ ਹਾਲੀਡੇ ਤੋਂ ਤੁਰੰਤ ਬਾਅਦ ਸ਼ੁਰੂ ਹੋਵੇਗੀ। ਦੱਸਿਆ ਗਿਆ ਹੈ ਕਿ 2023 ਤੋਂ ਲੈ ਕੇ ਹੁਣ ਤੱਕ ਇਹ ਰਿਹਾਇਸ਼ੀ ਡਾਕਟਰਾਂ ਦੀ 15ਵੀਂ ਹੜਤਾਲ ਹੋਵੇਗੀ।
ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਮੰਗਲਵਾਰ ਨੂੰ ਡਾਕਟਰਾਂ ਨੂੰ ਅਲਟੀਮੇਟਮ ਦਿੱਤਾ ਸੀ ਕਿ ਜੇਕਰ 48 ਘੰਟਿਆਂ ਦੇ ਅੰਦਰ ਹੜਤਾਲ ਵਾਪਸ ਨਾ ਲਈ ਗਈ ਤਾਂ ਸਰਕਾਰ ਵੱਲੋਂ ਐਨਐਚਐਸ ਵਿੱਚ ਹਜ਼ਾਰਾਂ ਨਵੀਆਂ ਨੌਕਰੀਆਂ, ਵਾਧੂ ਟ੍ਰੇਨਿੰਗ ਮੌਕੇ ਅਤੇ ਤਨਖ਼ਾਹ ਸੁਧਾਰਾਂ ਦੀ ਪੇਸ਼ਕਸ਼ ਵਾਪਸ ਲੈ ਲਈ ਜਾਵੇਗੀ। ਹਾਲਾਂਕਿ ਨਿਰਧਾਰਤ ਸਮੇਂ ਤੱਕ ਕੋਈ ਸਮਝੌਤਾ ਨਾ ਹੋਣ ਕਾਰਨ ਡਾਕਟਰਾਂ ਨੇ ਹੜਤਾਲ ਦਾ ਫੈਸਲਾ ਬਰਕਰਾਰ ਰੱਖਿਆ ਹੈ।
ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ




(ਭੰਅ) ਦੀ ਰਿਹਾਇਸ਼ੀ ਡਾਕਟਰ ਕਮੇਟੀ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਦਿੱਤਾ ਗਿਆ ਤਨਖ਼ਾਹ ਵਾਧਾ ਮੌਜੂਦਾ ਮਹਿੰਗਾਈ ਅਤੇ ਜੀਵਨ-ਯਾਪਨ ਦੀ ਲਾਗਤ ਦੇ ਮੁਕਾਬਲੇ ਕਾਫ਼ੀ ਨਹੀਂ ਹੈ। ਡਾਕਟਰਾਂ ਦਾ ਦਲੀਲ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਉਨ੍ਹਾਂ ਦੀ ਅਸਲ ਤਨਖ਼ਾਹ ਵਿੱਚ ਕਾਫ਼ੀ ਘਾਟ ਆਈ ਹੈ ਅਤੇ ਇਸਨੂੰ ਠੀਕ ਕਰਨ ਲਈ ਵੱਡੇ ਪੱਧਰ 'ਤੇ ਵਾਧਾ ਜ਼ਰੂਰੀ ਹੈ।
ਦੂਜੇ ਪਾਸੇ ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਕਿ ਸਰਕਾਰ ਵੱਲੋਂ ਦਿੱਤਾ ਗਿਆ 3.5 ਫ਼ੀਸਦੀ ਤਨਖ਼ਾਹ ਵਾਧਾ ਮਹਿੰਗਾਈ ਦਰ ਤੋਂ ਵੱਧ ਹੈ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਕੁੱਲ ਵਾਧਾ ਕਰੀਬ 35 ਫ਼ੀਸਦੀ ਤੱਕ ਪਹੁੰਚ ਜਾਵੇਗਾ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਹੜਤਾਲਾਂ ਐਨਐਚਐਸ ਲਈ ਨੁਕਸਾਨਦਾਇਕ ਸਾਬਤ ਹੋ ਸਕਦੀਆਂ ਹਨ ਅਤੇ ਮਰੀਜ਼ਾਂ ਦੀ ਸੇਵਾ 'ਤੇ ਵੀ ਇਸਦਾ ਅਸਰ ਪਵੇਗਾ।
ਰਿਹਾਇਸ਼ੀ ਡਾਕਟਰ ਕਮੇਟੀ ਦੇ ਚੇਅਰਮੈਨ ਡਾ. ਜੈਕ ਫਲੈਚਰ ਨੇ ਸਰਕਾਰ ਦੇ ਰਵੱਈਏ ਨੂੰ ਨਿਰਾਸ਼ਾਜਨਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਾਧੂ ਟ੍ਰੇਨਿੰਗ ਮੌਕਿਆਂ ਨੂੰ ਗੱਲਬਾਤ ਵਿੱਚ ਦਬਾਅ ਬਣਾਉਣ ਲਈ ਵਰਤਣਾ ਗਲਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਸਰਕਾਰ ਵੱਲੋਂ ਕੋਈ ਭਰੋਸੇਯੋਗ ਅਤੇ ਵਾਜਬ ਪੇਸ਼ਕਸ਼ ਆਉਂਦੀ ਹੈ ਤਾਂ ਡਾਕਟਰ ਹੜਤਾਲ ਨੂੰ ਮੁਲਤਵੀ ਕਰਨ ਲਈ ਤਿਆਰ ਹਨ।
ਸਿਹਤ ਅਤੇ ਸਮਾਜਿਕ ਦੇਖਭਾਲ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਸਰਕਾਰ ਵੱਲੋਂ ਦਿੱਤਾ ਗਿਆ ਪ੍ਰਸਤਾਵ ਕਾਫ਼ੀ ਉਦਾਰ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਡਾਕਟਰਾਂ ਦੀ ਯੂਨੀਅਨ ਨੇ ਹੜਤਾਲ ਵਾਪਸ ਨਹੀਂ ਲਈ, ਇਸ ਕਰਕੇ ਇਸ ਮਹੀਨੇ ਸ਼ੁਰੂ ਹੋਣ ਵਾਲੀਆਂ 1,000 ਵਾਧੂ ਟ੍ਰੇਨਿੰਗ ਪੋਸਟਾਂ ਹੁਣ ਲਾਗੂ ਨਹੀਂ ਕੀਤੀਆਂ ਜਾ ਸਕਣਗੀਆਂ।
ਸਰਕਾਰ ਨੇ ਇਹ ਵੀ ਕਿਹਾ ਕਿ ਹੁਣ ਮੁੱਖ ਧਿਆਨ ਇਸ ਗੱਲ 'ਤੇ ਹੈ ਕਿ ਹੜਤਾਲ ਦੌਰਾਨ ਮਰੀਜ਼ਾਂ ਨੂੰ ਘੱਟ ਤੋਂ ਘੱਟ ਮੁਸ਼ਕਲ ਆਵੇ ਅਤੇ ਐਨਐਚਐਸ ਦੀਆਂ ਸੇਵਾਵਾਂ ਜਾਰੀ ਰਹਿਣ।

## ਫਰਾਂਸ ਨਾਲ ਪ੍ਰਵਾਸੀ ਸਮਝੌਤੇ 'ਤੇ £1.4 ਬਿਲੀਅਨ ਖਰਚ ਦੀ ਚਿੰਤਾ, ਭੁਗਤਾਨ ਰੋਕਣ ਦੀ ਮੰਗ ਤੇਜ਼

**ਲੈਸਟਰ (ਇੰਗਲੈਂਡ), 2 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਵਿੱਚ ਗੈਰਕਾਨੂੰਨੀ ਪ੍ਰਵਾਸ ਦੇ ਮਸਲੇ ਨੂੰ ਲੈ ਕੇ ਰਾਜਨੀਤਿਕ ਤਣਾਅ ਇੱਕ ਵਾਰ ਫਿਰ ਚਰਮ 'ਤੇ ਪਹੁੰਚ ਗਿਆ ਹੈ। ਫਰਾਂਸ ਨਾਲ ਇੰਗਲਿਸ਼ ਚੈਨਲ ਰਾਹੀਂ ਹੋ ਰਹੀਆਂ ਛੋਟੀਆਂ ਕਿਸ਼ਤੀਆਂ ਦੀਆਂ ਪਾਰੀਆਂ ਨੂੰ ਰੋਕਣ ਲਈ ਹੋਏ ਸਮਝੌਤੇ 'ਤੇ ਹੁਣ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਨਵੇਂ ਖੁਲਾਸਿਆਂ ਤੋਂ ਬਾਅਦ ਕਈ ਸਿਆਸੀ ਵਰਗਾਂ ਵੱਲੋਂ ਲੇਬਰ ਪਾਰਟੀ ਦੀ ਸ਼ੈਡੋ ਹੋਮ ਸਕੱਤਰ ਸ਼ਬਾਨਾ ਮਹਮੂਦ ਨੂੰ ਅਪੀਲ ਕੀਤੀ ਗਈ ਹੈ ਕਿ ਫਰਾਂਸ ਨੂੰ ਕੀਤੇ ਜਾ ਰਹੇ ਭੁਗਤਾਨ ਨੂੰ ਤੁਰੰਤ ਰੋਕਿਆ ਜਾਵੇ, ਕਿਉਂਕਿ ਇਹ ਸਮਝੌਤਾ ਬ੍ਰਿਟੇਨ ਨੂੰ ਲਗਭਗ £1.4 ਬਿਲੀਅਨ ਦਾ ਵੱਡਾ ਆਰਥਿਕ ਬੋਝ ਪਾ ਸਕਦਾ ਹੈ।
ਜਾਣਕਾਰੀ ਅਨੁਸਾਰ ਬ੍ਰਿਟੇਨ ਨੇ ਪਿਛਲੇ ਕੁਝ ਸਾਲਾਂ ਵਿੱਚ ਫਰਾਂਸ ਨਾਲ ਕਈ ਸਮਝੌਤੇ ਕੀਤੇ ਹਨ, ਜਿਨ੍ਹਾਂ ਦਾ ਮਕਸਦ ਫਰਾਂਸ ਦੇ ਤਟਾਂ 'ਤੇ ਸੁਰੱਖਿਆ ਵਧਾ ਕੇ ਇੰਗਲਿਸ਼ ਚੈਨਲ ਰਾਹੀਂ ਛੋਟੀਆਂ ਕਿਸ਼ਤੀਆਂ ਵਿੱਚ ਬੈਠ ਕੇ ਆਉਣ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਰੋਕਣਾ ਸੀ। ਇਸ ਦੇ ਤਹਿਤ ਬ੍ਰਿਟੇਨ ਵੱਲੋਂ ਫਰਾਂਸ ਨੂੰ ਵੱਡੀ ਰਕਮ ਦਿੱਤੀ ਜਾ ਰਹੀ ਹੈ ਤਾਂ ਜੋ ਉੱਥੇ ਵਧੇਰੇ ਪੁਲਿਸ ਗਸ਼ਤ, ਨਿਗਰਾਨੀ ਕੈਮਰੇ, ਡਰੋਨ ਅਤੇ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਜਾ ਸਕਣ। ਪਰ ਹੁਣ ਸਾਹਮਣੇ ਆ ਰਹੇ ਅੰਕੜੇ ਇਸ ਨੀਤੀ ਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਖੜ੍ਹੇ ਕਰ ਰਹੇ ਹਨ।
ਤਾਜ਼ਾ ਰਿਪੋਰਟਾਂ ਮੁਤਾਬਕ ਇੰਗਲਿਸ਼ ਚੈਨਲ ਰਾਹੀਂ ਛੋਟੀਆਂ ਕਿਸ਼ਤੀਆਂ ਵਿੱਚ ਬ੍ਰਿਟੇਨ ਪਹੁੰਚਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਦੇਖਿਆ ਗਿਆ ਹੈ। ਕੁਝ ਰਿਪੋਰਟਾਂ ਨੇ ਦਾਅਵਾ ਕੀਤਾ ਹੈ ਕਿ ਇਸ ਸਾਲ ਦੇ ਪਹਿਲੇ ਕੁਝ ਮਹੀਨਿਆਂ ਦੌਰਾਨ ਹੀ ਹਜ਼ਾਰਾਂ ਪ੍ਰਵਾਸੀ ਇਸ ਖ਼ਤਰਨਾਕ ਸਮੁੰਦਰੀ ਰਸਤੇ ਰਾਹੀਂ ਬ੍ਰਿਟੇਨ ਵਿੱਚ ਦਾਖਲ ਹੋ ਚੁੱਕੇ ਹਨ। ਇਸ ਕਾਰਨ ਕਈ ਆਲੋਚਕਾਂ ਦਾ ਕਹਿਣਾ ਹੈ ਕਿ ਜੇਕਰ ਇੰਨੀ ਵੱਡੀ ਰਕਮ ਖਰਚ ਕਰਨ ਦੇ ਬਾਵਜੂਦ ਨਤੀਜੇ ਨਹੀਂ ਮਿਲ ਰਹੇ ਤਾਂ ਸਰਕਾਰ ਨੂੰ ਆਪਣੀ ਰਣਨੀਤੀ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।
ਕੁਝ ਰਾਜਨੀਤਿਕ ਨੇਤਾਵਾਂ ਦਾ ਕਹਿਣਾ ਹੈ ਕਿ ਬ੍ਰਿਟੇਨ ਵੱਲੋਂ ਦਿੱਤੇ ਜਾ ਰਹੇ ਪੈਸੇ ਦੇ ਬਾਵਜੂਦ ਫਰਾਂਸ ਆਪਣੇ ਤਟਾਂ ਤੋਂ ਛੋਟੀਆਂ ਕਿਸ਼ਤੀਆਂ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਰਿਹਾ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਰਕਮ ਬ੍ਰਿਟੇਨ ਦੇ ਕਰਦਾਤਿਆਂ ਦੀ ਹੈ ਅਤੇ ਇਸ ਦੀ ਵਰਤੋਂ ਬਹੁਤ ਸੋਚ-ਸਮਝ ਕੇ ਕੀਤੀ ਜਾਣੀ ਚਾਹੀਦੀ ਹੈ।
ਦੂਜੇ ਪਾਸੇ ਕੁਝ ਮਾਹਿਰਾਂ ਅਤੇ ਸਿਆਸੀ ਨੇਤਾਵਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਫਰਾਂਸ ਨਾਲ ਸਹਿਯੋਗ ਤੋਂ ਬਿਨਾਂ ਇਸ ਸਮੱਸਿਆ ਦਾ ਹੱਲ ਲੱਭਣਾ ਮੁਸ਼ਕਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖੀ ਤਸਕਰੀ ਦੇ ਅੰਤਰਰਾਸ਼ਟਰੀ ਗਿਰੋਹ ਬਹੁਤ ਸੰਗਠਿਤ ਢੰਗ ਨਾਲ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਰੋਕਣ ਲਈ ਦੋਵੇਂ ਦੇਸ਼ਾਂ ਦੀਆਂ ਸੁਰੱਖਿਆ ਏਜੰਸੀਆਂ ਨੂੰ ਮਿਲ ਕੇ ਕਾਰਵਾਈ ਕਰਨੀ ਪਵੇਗੀ।
ਇਸ ਮਾਮਲੇ ਨੇ ਬ੍ਰਿਟੇਨ ਦੀ ਪ੍ਰਵਾਸੀ ਨੀਤੀ, ਸਰਹੱਦੀ ਸੁਰੱਖਿਆ ਅਤੇ ਸਰਕਾਰੀ ਖਰਚ ਨੂੰ ਲੈ ਕੇ ਵੱਡੀ ਰਾਜਨੀਤਿਕ ਚਰਚਾ ਛੇੜ ਦਿੱਤੀ ਹੈ। ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਵੀ ਗੈਰਕਾਨੂੰਨੀ ਪ੍ਰਵਾਸ ਅਤੇ ਛੋਟੀਆਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਲੋਕਾਂ ਦਾ ਮਸਲਾ ਇੱਕ ਮਹੱਤਵਪੂਰਨ ਰਾਜਨੀਤਿਕ ਮੁੱਦਾ ਬਣ ਸਕਦਾ ਹੈ।
ਮਾਹਿਰਾਂ ਅਨੁਸਾਰ ਜੇਕਰ ਇਸ ਸਮੱਸਿਆ 'ਤੇ ਜਲਦ ਅਤੇ ਪ੍ਰਭਾਵਸ਼ਾਲੀ ਕਦਮ ਨਾ ਚੁੱਕੇ ਗਏ ਤਾਂ ਇੰਗਲਿਸ਼ ਚੈਨਲ ਰਾਹੀਂ ਹੋਣ ਵਾਲੀਆਂ ਗੈਰਕਾਨੂੰਨੀ ਪਾਰੀਆਂ ਬ੍ਰਿਟੇਨ ਲਈ ਵੱਡੀ ਚੁਣੌਤੀ ਬਣ ਸਕਦੀਆਂ ਹਨ।

## ਰੇਲਵੇ ਕਰਮਚਾਰੀਆਂ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੈਸ਼ਲੈੱਸ ਇਲਾਜ ਦੀ ਸਹੂਲਤ ਆਰੰਭ

**ਨਵਾਂਸ਼ਹਿਰ /ਬੰਗਾ 02 ਅਪਰੈਲ (ਜਤਿੰਦਰ ਪਾਲ ਸਿੰਘ ਕਲੇਰ )** ਭਾਰਤੀ ਰੇਲਵੇ ਕਰਮਚਾਰੀਆਂ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੈਸ਼ਲੈੱਸ ਇਲਾਜ ਦੀ ਸਹੂਲਤ ਆਰੰਭ ਹੋ ਗਈ ਹੈ । ਇਹ ਜਾਣਕਾਰੀ ਹਸਪਤਾਲ ਦੇ ਮੁੱਖ ਪ੍ਰਬੰਧਕ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਮੀਡੀਆ ਨੂੰ ਦਿੰਦੇ ਦੱਸਿਆ ਕਿ ਭਾਰਤ ਸਰਕਾਰ ਦੀ ਕੈਸ਼ਲੈੱਸ ਇਲਾਜ ਸੇਵਾ ਸਕੀਮ ਅਧੀਨ ਉੱਤਰ ਭਾਰਤੀ ਰੇਲਵੇ ਦੇ ਕਰਮਚਾਰੀ ਹੁਣ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਆਪਣਾ ਕੈਸ਼ਲੈਸ ਇਲਾਜ ਕਰਵਾ ਸਕਣਗੇ । ਇਸ ਨਾਲ ਮਰੀਜ਼ ਨੂੰ ਹਸਪਤਾਲ ਵਿੱਚ ਇਲਾਜ ਕਰਵਾਉਣ ਲਈ ਨਕਦ ਪੈਸੇ ਦੇਣ ਦੀ ਲੋੜ ਨਹੀਂ ਪੈਂਦੀ ਅਤੇ ਮਰੀਜ਼ ਦੇ ਇਲਾਜ ਦਾ ਭੁਗਤਾਨ ਭਾਰਤੀ ਰੇਲਵੇ ਦੁਆਰਾ ਕੀਤਾ ਜਾਂਦਾ ਹੈ । ਉਹਨਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਪ੍ਰਮੁੱਖ ਹਸਪਤਾਲ ਹੈ ਜੋ ਅਤਿ-ਆਧੁਨਿਕ ਮੈਡੀਕਲ ਯੰਤਰਾਂ, ਐਮਰਜੈਂਸੀ ਸੇਵਾਵਾਂ, ਟਰੌਮਾ ਸੈਂਟਰ ਅਤੇ ਆਈ. ਸੀ. ਯੂ. ਸੁਵਿਧਾਵਾਂ ਨਾਲ ਲੈਸ ਹੈ । ਹਸਪਤਾਲ ਢਾਹਾਂ ਕਲੇਰਾਂ ਵਿਖੇ ਰੇਲਵੇ ਕਰਮਚਾਰੀਆਂ ਨੂੰ ਸੁਪਰ ਸਪੈਸ਼ਲਿਟੀ ਮੈਡੀਕਲ ਸੇਵਾਵਾਂ ਨਿਊਰੋਸਰਜਰੀ, ਯੂਰੋਲੋਜੀ, ਜਨਰਲ ਮੈਡੀਸਨ, ਜਨਰਲ ਤੇ ਲੈਪਰੋਸਕੋਪਿਕ ਸਰਜਰੀ, ਗਾਇਨੀਕੋਲੋਜੀ, ਆਰਥੋਪੈਡਿਕਸ, ਈ ਐਨ ਟੀ, ਡੈਂਟਲ, ਅੱਖਾਂ ਦਾ ਵਿਭਾਗ, ਬੱਚਿਆਂ ਦਾ ਵਿਭਾਗ, ਫਿਜ਼ੀਉਥੈਰਾਪੀ, ਆਈ.ਸੀ.ਯੂ. ਅਤੇ ਕ੍ਰਿਟੀਕਲ ਕੇਅਰ, ਡਾਇਲਿਸਿਸ, ਪੈਥੋਲੋਜੀ ਤੋਂ ਇਲਾਵਾ ਰੇਡੀਓਲੋਜੀ ਡਾਇਗਨੌਸਟਿਕ ਅਤੇ ਇਮੇਜਿੰਗ ਸਹੂਲਤਾਂ ਵਿੱਚ ਐਕਸ-ਰੇ, ਅਲਟਰਾ ਸਾਊਂਡ ਸਕੈਨ, ਸੀ.ਟੀ. ਸਕੈਨ ਦੀਆਂ ਸੇਵਾਵਾਂ ਮਿਲਣਗੀਆਂ । ਇਸ ਮੌਕੇ ਜਗਜੀਤ ਸਿੰਘ ਸੋਢੀ ਮੀਤ ਸਕੱਤਰ, ਦਵਿੰਦਰ ਸਿੰਘ ਢਿੱਲੋਂ ਮੈਂਬਰ ਟਰੱਸਟ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਹੁਨਰਦੀਪ ਸਿੰਘ ਐਚ ਆਰ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਵੀ ਹਾਜ਼ਰ ਸਨ । ਵਰਣਨਯੋਗ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਰੇਲਵੇ ਕਰਮਚਾਰੀਆਂ ਤੋਂ ਇਲਾਵਾ ਸਾਬਕਾ ਫੌਜੀਆਂ ਲਈ ਈ.ਸੀ.ਐਚ.ਐਸ. ਸਕੀਮ ਅਤੇ ਵੱਖ-ਵੱਖ ਮੈਡੀਕਲ ਇੰਸ਼ੋਰੈਂਸ ਕੰਪਨੀਆਂ ਦੇ ਲਾਭਪਾਤਰੀਆਂ ਲਈ ਵੀ ਕੈਸ਼ਲੈਸ ਇਲਾਜ ਸੇਵਾਵਾਂ ਚੱਲ ਰਹੀਆਂ ਹਨ ।



**ਹਸਪਤਾਲ ਢਾਹਾਂ ਕਲੇਰਾਂ ਵਿਖੇ ਰੇਲਵੇ ਕਰਮਚਾਰੀਆਂ ਲਈ ਆਰੰਭ ਹੋਈ ਕੈਸ਼ਲੈਸ ਇਲਾਜ ਸਹੂਲਤ ਦੀ ਜਾਣਕਾਰੀ ਦਿੰਦੇ ਹੋਏ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ**

for more news visit:
www.samajweekly.com

# ਟੋਪਾਨ ਕੰਪਨੀ ਰੈਲ ਮਾਜਰਾ ਨੇ ਪਿੰਡ ਵਿੱਚ ਸਟਰੀਟ ਲਾਈਟਾਂ ਲਗਵਾਈਆਂ

**ਨਵਾਂਸ਼ਹਿਰ /ਕਾਠਗੜ੍ਹ 2 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਰੈਲ ਮਾਜਰਾ ਵਿੱਚ ਟੋਪਾਨ ਸਪੈਸ਼ੈਲਿਟੀ ਲਿਮਟਿਡ ਕੰਪਨੀ ਵਲੋਂ ਪਿੰਡ ਰੈਲ ਵਿੱਚ 50 ਸਟਰੀਟ ਲਾਈਟਾਂ ਲਗਵਾਈਆਂ ਹਨ। ਕੰਪਨੀ ਦੇ ਐਚ ਆਰ ਮੈਨੇਜਰ ਅੰਕੁਸ਼ ਭਾਰਦਵਾਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡ ਰੈਲ ਦੀ ਪੰਚਾਇਤ ਦੁਆਰਾ ਮੰਗ ਕੀਤੀ ਗਈ ਸੀ ਕਿ ਪਿੰਡ ਵਿੱਚ ਸਟਰੀਟ ਲਾਈਟਾਂ ਦੀ ਲੋੜ ਹੈ। ਸਾਡੀ ਕੰਪਨੀ ਨੇ ਫੈਸਲਾ ਕੀਤਾ ਕਿ ਇਹ ਲਾਈਟਾਂ ਲਗਵਾਈਆਂ



ਜਾਣ ਕਿਉਂਕਿ ਸਾਡੀ ਕੰਪਨੀ ਦੇ ਕਰਮਚਾਰੀ ਵੀ ਇਨ੍ਹਾਂ ਪਿੰਡਾਂ ਵਿੱਚੋਂ ਰਾਤ ਸਮੇਂ ਸ਼ਿਫਟਾਂ ਵਿੱਚ ਡਿਊਟੀ ਕਰਨ ਆਉਂਦੇ ਹਨ। ਉਨ੍ਹਾਂ ਕਿਹਾ ਕੰਪਨੀ ਪਿੰਡਾਂ ਦੇ ਵਿਕਾਸ ਦੇ ਕੰਮਾਂ ਵਿੱਚ ਹਮੇਸ਼ਾ ਆਪਣਾ ਯੋਗਦਾਨ ਪਾਉਂਦੀ ਰਹੇਗੀ। ਇਸ ਮੌਕੇ ਪ੍ਰਦੀਪ ਕੁਮਾਰ, ਤਰੁਣ ਵਿੱਜ, ਰਜਨੀਸ਼ ਆਂਗਰਾ, ਸਰਪੰਚ ਅਨੀਤਾ, ਸਮਾਜਸੇਵੀ ਸੱਤਪਾਲ ਸੰਧੂ,ਪੰਚ ਦਰਸ਼ਨ ਲਾਲ, ਸੁਖਵਿੰਦਰ ਰਾਣਾ,ਵਿਜੇ ਰਾਣਾ,ਪੰਚ ਬਹਾਦਰ ਖਾਨ,ਬਾਬੂ ਮਲਕੀਅਤ ਚੰਦ,ਨੇਤਰ ਕੁਮਾਰ,ਪੰਚ ਦਲੀਪ ਘਈ ਅਤੇ ਪਿੰਡ ਵਾਸੀ ਮੌਜੂਦ ਸਨ।

# ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ'ਚ ਸ਼ਾਮ 7 ਵਜੇ ਤੋਂ ਸਵੇਰੇ 7ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ ਤੇ ਪਾਬੰਦੀ : ਜਿਲਾ ਮੈਜਿਸਟਰੇਟ

**ਨਵਾਂਸ਼ਹਿਰ 2ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰਵਿਚ ਸ਼ਾਮ 7 ਵਜੇ ਤੋਂ ਲੈ ਕੇ ਸਵੇਰੇ 7 ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕਣਕ ਦੀ ਕਟਾਈ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਉਹ ਹਾਰਵੈਸਟਰ ਕੰਬਾਇਨ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਦੀ ਖੇਤੀਬਾੜੀ ਵਿਭਾਗ ਰਾਹੀਂ



ਮਸ਼ੀਨ ਦੀ ਇੰਸਪੈਕਾਨ ਲਾਜ਼ਮੀ ਕਰਵਾਉਣ ਅਤੇ ਕੋਈ ਵੀ ਕੰਬਾਇਨ ਹਾਰਵੈਸਟਰ ਸੁਪਰ ਐਸ.ਐਮ.ਐੇ. ਲਗਾਏ ਬਗੈਰ ਨਾ ਵਰਤੀ ਜਾਵੇ। ਇਹ ਹੁਕਮ 31 ਮਈ 2026 ਤੱਕ ਲਾਗੂ ਰਗਾ। ਜਾਰੀ ਹੁਕਮਾਂ ਅਨੁਸਾਰ ਕਣਕ ਨੂੰ ਕੱਟਣ ਲਈ ਕੰਬਾਇਨਾਂ 24 ਘੰਟੇ ਕੰਮ ਕਦੀਆਂ ਹਨ ਅਤੇ ਕੰਬਾਇਨਾਂ ਰਾਤ ਵੇਲੇ ਤਰੇਲ ਪੈਣ ਕਾਰਨ ਗਿੱਲੀ ਹੋਈ ਕਣਕ ਨੂੰ ਕੱਟ ਦਿੰਦੀਆਂ ਹਨ। ਇਸ ਤਰ੍ਹਾਂ ਕਣਕ ਵਿਚ ਨਮੀ ਹੋਣ ਕਰਕੇ ਸਰਕਾਰ ਦੇ ਨਿਰਧਾਰਤ ਮਾਪਦੰਡਾਂ ਤੋਂ ਵੱਧਣ ਦੀ ਸੰਭਾਵਨਾ ਹੁੰਦੀ ਹੈ। ਅਜਿਹੀ ਕਣਕ ਖਰੀਦ ਏਜੰਸੀਆਂ ਖਰੀਦਣ ਤੋਂ ਅਸਮਰੱਥ ਹੁੰਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਕਣਰ ਵੇਚਣ ਵਿਚ ਬਿਨਾਂ ਵਜ੍ਹਾ ਮੰਡੀਆਂ ਵਿਚ ਖੱਜਲ-ਖੁਆਰ ਹੋਣਾ ਪੈਂਦਾ ਹੈ ਜਿਸ ਕਰਕੇ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਜ਼ਿਲ੍ਹਾ ਮੈਜਿਸਟਰੇਟ ਨੇ ਇਹ ਵੀ ਅਪੀਲ ਕੀਤੀ ਕਿ ਕਣਕ ਦੇ ਨਾੜ ਜਾਂ ਰਹਿੰ?-ਖੂਹੰਦ ਨੂੰ ਅੱਗ ਨਾ ਲਾਈ ਜਾਵੇ ਜਿਸ ਨਾਲ ਸਾਫ-ਸੁਥਰਾ ਵਾਤਾਵਰਣ ਦੂਸ਼ਿਤ ਦਾ ਹੈ।

# ਬ੍ਰਿਗੇਡੀਅਰ ਰਾਜਕੁਮਾਰ ਨੇ ਪਿੰਡ ਰੈਲ ਮਾਜਰਾ ਵਿਖੇ ਪਾਰਟੀ ਵਰਕਰਾਂ ਨਾਲ ਕੀਤੀ ਮੁਲਾਕਾਤ

**●ਪਿੰਡ ਵਾਸੀਆਂ ਨੂੰ ਆਮ ਆਦਮੀ ਪਾਰਟੀ ਸਰਕਾਰ ਵਲੋਂ ਲੋਕਾਂ ਦੇ ਹਿੱਤ ਵਿੱਚ ਚੱਲ ਰਹੀਆਂ ਸਕੀਮਾਂ ਤੋਂ ਜਾਣੂ ਕਰਵਾਇਆ ●ਸਰਪੰਚ ਸਿੰਕਦਰ ਸਿੰਘ ਲਾਂਦੀ ਨੇ ਪਿੰਡ ਪਹੁੰਚਣ ਤੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ**

**ਨਵਾਂਸ਼ਹਿਰ /ਕਾਠਗੜ੍ਹ 2 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਸੀਨੀਅਰ ਆਪ ਆਗੂ ਚੇਅਰਮੈਨ ਗੁੱਜਰ ਵੈਲਫੇਅਰ ਬੋਰਡ ਪੰਜਾਬ ਬ੍ਰਿਗੇਡੀਅਰ ਰਾਜਕੁਮਾਰ ਨੇ ਪਿੰਡ ਰੈਲ ਮਾਜਰਾ ਵਿਖੇ ਪਾਰਟੀ ਵਰਕਰਾਂ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕਰਕੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਿਲਾਂ ਸੁਣੀਆ ਇਸ ਸਬੰਧੀ ਜਾਣਕਾਰੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਉਹਨਾਂ ਨੇ ਦੱਸਿਆ ਕਿ ਪੰਜਾਬ ਵਿੱਚ ਵਿਕਾਸ ਦੇ ਕੰਮ ਬਹੁਤ ਤੇਜ਼ੀ ਨਾਲ ਚੱਲ ਰਹੇ ਹਨ ਜਿਵੇਂ ਸੜਕਾਂ ਦਾ ਨਿਰਮਾਣ, ਕੰਡੀ ਨਹਿਰ ਦੇ ਬਾਕੀ ਰਹਿੰਦੇ ਕੰਮ ਨੂੰ ਪੂਰਾ ਕਰਨਾ, ਲਿਫਟ ਇਰੀਗੇਸ਼ਨ ਨਾਲ ਬੰਜਰ ਜ਼ਮੀਨਾਂ ਦੀ ਸਿੰਚਾਈ, ਕੀਤੇ ਵਾਅਦਿਆਂ ਦਾ ਪੂਰਾ ਕਰਨਾ ਵਗੈਰਾ । ਇਸੇ ਸਬੰਧ ਵਿੱਚ ਉਹਨਾਂ ਵੱਲੋਂ ਪਿੰਡਾਂ ਵਿੱਚ ਜਾ ਕੇ ਵਿਕਾਸ ਦੇ ਕੰਮਾਂ ਦਾ ਜਾਇਜ਼ਾ ਲਿਆ ਅਤੇ ਜ਼ਮੀਨੀ ਪੱਧਰ ਦੇ



ਵਰਕਰਾਂ ਅਤੇ ਇਲਾਕਾ ਨਿਵਾਸੀਆਂ ਨੂੰ ਆਪ ਸਰਕਾਰ ਦੀ ਕਾਰਜਕਾਰੀ ਵਾਰੇ ਜਾਗਰੂਕ ਕਰਵਾਇਆ। ਉਹਨਾਂ ਦੱਸਿਆ ਕਿ ਰੈਲਮਾਜਰਾ ਵਿੱਚ 1960 - 70 ਦੇ ਉੱਘੇ ਵਪਾਰੀ ਸਰਦਾਰ ਜਗਜੀਤ ਸਿੰਘ ਲਾਂਦੀ (ਜਲਸੂ) ਜੀ ਦੇ ਪਰਿਵਾਰ ਨੂੰ ਮਿਲਣ ਲਈ ਪਿੰਡ ਰੈਲਮਾਜਰਾ ਵਿਖੇ ਉਨ੍ਹਾਂ ਦੇ ਗ੍ਰਹਿ ਵਿਖੇ ਉਚੇਚੇ ਤੌਰ ਤੇ ਪਹੁੰਚ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ ਉਨ੍ਹਾਂ ਨੇ ਦੱਸਿਆ ਕਿ 27 ਸਾਲ ਪਿੰਡ ਦੀ ਸਰਪੰਚੀ ਕੀਤੀ ਅਤੇ ਉਹਨਾਂ ਦੇ ਬੇਟੇ ਅਤੇ ਭਤੀਜੇ ਸਰਦਾਰ ਬਲਦੇਵ ਸਿੰਘ ਲਾਂਦੀ ਸਰਦਾਰ ਕੁਲਦੀਪ ਸਿੰਘ ਕੁਲਦੀਪ ਸਿੰਘ ਲਾਂਦੀ ਵੀ ਪਿੰਡ ਦੇ ਸਰਪੰਚ ਰਹੇ ਅਤੇ ਉਨ੍ਹਾਂ ਦੇ ਪੋਤੇ ਮੌਜੂਦਾ ਸਰਪੰਚ ਸਰਦਾਰ ਸਿਕੰਦਰ ਸਿੰਘ ਲਾਂਦੀ ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਲਾਲ ਚੰਦ ਲਾਲੀ ਰਿਸ਼ੀ ਸ਼ਰਮਾ, ਸੁਖਵਿੰਦਰ ਸਿੰਘ, ਹਰਪ੍ਰੀਤ ਸਿੰਘ, ਪਵਨ ਕੁਮਾਰ ਅਤੇ ਹੋਰ ਸਾਥੀਆਂ ਨੂੰ ਪਿੰਡਾਂ ਵਿੱਚ ਜਾ ਕੇ ਪਾਰਟੀ ਦੇ ਕੰਮਾਂ ਵਾਰੇ ਵਿਸਥਾਰਪੂਰਵਕ ਜਾਗਰੂਕ ਕਰਵਾਇਆ। ਨਾਲ ਹੀ ਉਹਨਾਂ ਨੇ ਪਾਰਟੀ ਵਰਕਰਾਂ ਨੂੰ ਹਦਾਇਤ ਕੀਤੀ ਗਈ ਪਿੰਡਾਂ ਵਿੱਚ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਆਮ ਲੋਕ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ ।

# ਬ੍ਰਿਸਟਲ ਵਿੱਚ ਦਿਨ ਦਿਹਾੜੇ ਗੋਲੀਬਾਰੀ, ਕਤਲ ਦੀ ਕੋਸ਼ਿਸ਼ ਦੇ ਸ਼ੱਕ 'ਚ ਤਿੰਨ ਗ੍ਰਿਫ਼ਤਾਰ

**ਲੈਸਟਰ (ਇੰਗਲੈਂਡ), 2 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਸ਼ਹਿਰ ਬ੍ਰਿਸਟਲ ਵਿੱਚ ਦਿਨ ਦਿਹਾੜੇ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਪੁਲਿਸ ਨੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇੱਕ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਕੇ ਹਸਪਤਾਲ ਵਿੱਚ ਇਲਾਜ ਅਧੀਨ ਹੈ। ਪੁਲਿਸ ਅਨੁਸਾਰ ਜ਼ਖ਼ਮੀ ਨੌਜਵਾਨ ਦੀ ਉਮਰ ਕਰੀਬ 20 ਸਾਲ ਦੱਸੀ ਜਾ ਰਹੀ ਹੈ ਅਤੇ ਉਸਨੂੰ ਲੱਗੀਆਂ ਚੋਟਾਂ ਕਾਫ਼ੀ ਗੰਭੀਰ ਹਨ, ਜੋ ਉਸਦੀ ਜ਼ਿੰਦਗੀ 'ਤੇ ਲੰਬੇ ਸਮੇਂ ਲਈ ਅਸਰ ਪਾ ਸਕਦੀਆਂ ਹਨ। ਜਾਣਕਾਰੀ ਮੁਤਾਬਕ ਇਹ ਘਟਨਾ ਬੁੱਧਵਾਰ ਦੁਪਹਿਰ ਕਰੀਬ 1.45 ਵਜੇ ਬ੍ਰਿਸਟਲ ਦੇ ਸਪੀਡਵੈੱਲ ਰੋਡ ਇਲਾਕੇ ਵਿੱਚ ਵਾਪਰੀ, ਜਦੋਂ ਇੱਕ ਕਾਰ ਨੂੰ ਨਿਸ਼ਾਨਾ ਬਣਾਕੇ ਗੋਲੀ ਚਲਾਈ ਗਈ। ਗੋਲੀ ਲੱਗਣ ਨਾਲ ਕਾਰ ਵਿੱਚ ਮੌਜੂਦ ਨੌਜਵਾਨ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਤੁਰੰਤ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚੀਆਂ ਅਤੇ ਜ਼ਖ਼ਮੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦਾ ਇਲਾਜ ਜਾਰੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੀ ਐਵਨ ਐਂਡ ਸਮਰਸੈਟ ਪੁਲਿਸ ਨੇ ਦੱਸਿਆ ਕਿ ਵੀਰਵਾਰ ਸਵੇਰੇ ਕਰੀਬ 2.30 ਵਜੇ ਇੱਕ 20 ਸਾਲਾ ਵਿਅਕਤੀ ਨੂੰ ਕਤਲ ਦੀ ਕੋਸ਼ਿਸ਼ ਦੇ ਸ਼ੱਕ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇੱਕ ਹੋਰ ਨੌਜਵਾਨ ਮਰਦ ਅਤੇ ਇੱਕ ਔਰਤ, ਜੋ ਦੋਵੇਂ ਵੀ ਵੀਹਾਂ ਦੇ ਦਹਾਕੇ ਵਿੱਚ ਹਨ, ਨੂੰ ਦੋਸ਼ੀ ਦੀ ਮਦਦ ਕਰਨ ਦੇ ਸ਼ੱਕ 'ਚ ਕਾਬੂ ਕੀਤਾ ਗਿਆ ਹੈ। ਪੁਲਿਸ ਵੱਲੋਂ ਕਿਹਾ ਗਿਆ ਹੈ ਕਿ ਘਟਨਾ ਤੋਂ ਬਾਅਦ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਕੀਤਾ ਗਿਆ। ਕਾਰਵਾਈ ਦੌਰਾਨ ਨੈਸ਼ਨਲ ਪੁਲਿਸ ਏਅਰ ਸਰਵਿਸ ਦਾ ਹੈਲੀਕਾਪਟਰ, ਹਥਿਆਰਬੰਦ ਅਧਿਕਾਰੀ ਅਤੇ ਡਰੋਨ ਯੂਨਿਟ ਵੀ ਮੌਕੇ 'ਤੇ ਤਾਇਨਾਤ ਕੀਤੇ ਗਏ ਤਾਂ ਜੋ ਸ਼ੱਕੀ ਵਿਅਕਤੀਆਂ ਦੀ ਭਾਲ ਕੀਤੀ ਜਾ ਸਕੇ ਅਤੇ ਇਲਾਕੇ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਪੁਲਿਸ ਨੇ ਇਹ ਵੀ ਦੱਸਿਆ ਕਿ ਜਾਂਚ ਦੇ ਹਿੱਸੇ ਵਜੋਂ ਬ੍ਰਿਸਲਿੰਗਟਨ ਨੇੜੇ ਸੇਂਟ ਐਨਜ਼ ਵੁੱਡਜ਼ ਅਤੇ ਸਪੀਡਵੈੱਲ ਇਲਾਕੇ ਵਿੱਚ ਵਧੀਕ ਪੁਲਿਸ ਮੌਜੂਦਗੀ ਬਣਾਈ ਰੱਖੀ ਗਈ ਹੈ ਅਤੇ ਕੁਝ ਥਾਵਾਂ ਨੂੰ ਜਾਂਚ ਲਈ ਖਾਸ ਦਿਲਚਸਪੀ ਵਾਲੇ ਖੇਤਰ ਵਜੋਂ ਚਿੰਨ੍ਹਿਤ ਕੀਤਾ ਗਿਆ ਹੈ। ਘਟਨਾ ਦੇ ਸਮੇਂ ਸੁਰੱਖਿਆ ਕਾਰਨਾਂ ਕਰਕੇ ਨੇੜਲੇ ਕਈ ਰਸਤੇ ਬੰਦ ਕਰ ਦਿੱਤੇ ਗਏ ਸਨ। ਇਸ ਤੋਂ ਇਲਾਵਾ ਇਲਾਕੇ ਦੇ ਕੁਝ ਸਕੂਲਾਂ, ਜਿਵੇਂ ਕਿ ਟੂ ਮਾਈਲ ਹਿੱਲ ਸਕੂਲ ਅਤੇ ਬ੍ਰਿਸਟਲ ਬ੍ਰੂਨੇਲ ਅਕੈਡਮੀ, ਨੂੰ ਬੱਚਿਆਂ ਦੀ ਸੁਰੱਖਿਆ ਲਈ ਕੁਝ ਸਮੇਂ ਲਈ ਲਾਕਡਾਊਨ ਵੀ ਕੀਤਾ ਗਿਆ। ਹਾਲਾਂਕਿ ਸ਼ਾਮ ਕਰੀਬ 8 ਵਜੇ ਬਾਅਦ ਇਲਾਕੇ ਦੇ ਰਸਤੇ ਮੁੜ ਖੋਲ੍ਹ ਦਿੱਤੇ ਗਏ।ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਘਟਨਾ ਇਲਾਕੇ ਦੇ ਲੋਕਾਂ ਲਈ ਚਿੰਤਾਜਨਕ ਹੋ ਸਕਦੀ ਹੈ, ਪਰ ਜਾਂਚ ਦੇ ਤਹਿਤ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੇ ਇਸ ਘਟਨਾ ਨੂੰ ਦੇਖਿਆ ਹੈ ਜਾਂ ਉਸਦੇ ਕੋਲ ਕੋਈ ਵੀਡੀਓ ਜਾਂ ਮੋਬਾਈਲ ਫੁਟੇਜ ਹੈ ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ, ਤਾਂ ਜੋ ਜਾਂਚ ਵਿੱਚ ਮਦਦ ਮਿਲ ਸਕੇ।ਪੁਲਿਸ ਦਾ ਕਹਿਣਾ ਹੈ ਕਿ ਮੌਜੂਦਾ ਜਾਣਕਾਰੀ ਅਨੁਸਾਰ ਇਸ ਘਟਨਾ ਨਾਲ ਸੰਬੰਧਿਤ ਹੋਰ ਕਿਸੇ ਵਿਅਕਤੀ ਦੀ ਭਾਲ ਨਹੀਂ ਕੀਤੀ ਜਾ ਰਹੀ, ਪਰ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# 'ਬਿਨ ਪਰੋਂ ਪਰਵਾਜ਼' ਭਰਨ ਵਾਲੀ 'ਸ਼ੀਤਲ ਦੇਵੀ' ਨੇ ਲੋਕਾਈ ਨੂੰ ਦਿੱਤੇ ਹੌਂਸਲਿਆਂ ਦੇ ਖੰਭ

## ਮੈਂ ਰਾਹਾਂ 'ਤੇ ਨਹੀਂ ਤੁਰਦਾ.. ਮੈਂ ਤੁਰਦਾ ਹਾਂ ਤਾਂ ਰਾਹ ਬਣਦੇ

'ਇੱਥੇ ਲਿਖਦੇ ਨੇ ਲੋਕ ਹੱਥਾਂ ਬਾਹਾਂ ਤੋਂ ਬਗੈਰ',
ਪਹੁੰਚ ਚੰਨ ਤੱਕ ਜਾਂਦੇ ਲੋਕੀਂ ਰਾਹਾਂ ਤੋਂ ਬਗੈਰ" ।

ਸ਼ੀਤਲ ਦੇਵੀ ਦੇ ਲੇਖ ਲਿਖਣ ਵਾਲੇ ਨੇ ਉਸਨੂੰ ਬਾਹਾਂ ਤੋਂ ਵਾਂਝੀ ਰੱਖਿਆ। ਪਰ ਜਦੋਂ ਉਸ ਨੇ ਆਪਣੇ ਲੇਖ ਖੁਦ ਲਿਖਣ ਲਈ ਕਲਮ ਚੁੱਕੀ ਤਾਂ ਉਹ ਅੱਧ ਅਧੂਰੀ ਹੋ ਕੇ ਵੀ ਪੂਰ ਹੋ ਨਿੱਬੜੀ। ਆਪਣੇ ਹੱਥੀਂ ਲਿਖੀ ਕਿਸਮਤ ਨੇ ਉਸਨੂੰ ਉੱਡਣ ਪਰੀ ਬਣ ਦਿੱਤਾ। ਉਸਨੇ ਬਾਹਾਂ ਤੋਂ ਬਗੈਰ' ਉਹ ਕੁਝ ਕਰ ਵਿਖਾਇਆ, ਜਿਸ ਨੂੰ ਲੈ ਕੇ ਪੂਰੇ ਸਰੀਰਾਂ ਵਾਲੇ ਵੀ ਹਾਰ ਮੰਨ ਬਹਿੰਦੇ ਹਨ। ਉਸਦਾ ਜਜ਼ਬਾ ਹਰ ਕਿਸੇ ਨੂੰ ਪ੍ਰੇਰਿਤ ਕਰਦਾ ਹੈ। ਉਹ ਹੱਥਾਂ ਬਾਹਾਂ ਤੋਂ ਬਗੈਰ ਦੁਨੀਆਂ ਜਿੱਤਣ ਵਾਲੀ ਅਗਾਂਹਵਧੂ ਕੁੜੀ ਹੈ। ਮਾਂ ਬਾਪ ਨੂੰ ਵੱਜਣ ਵਾਲੇ ਤਾਅਨਿਆਂ ਦੀ ਧੌਣ ਭੰਨਣ ਵਾਲੀ ਦਲੇਰ ਧੀ ਹੈ। ਜੰਮੂ ਕਸ਼ਮੀਰ ਦੀ ਮਿੱਟੀ ਦੀ ਜੰਮੀ ਜਾਈ ਸ਼ੀਤਲ ਦੇਵੀ ਨੂੰ ਵਿਸ਼ਵ ਤੀਰਅੰਦਾਜ਼ੀ ਸੰਸਥਾ ਨੇ 2025 ਲਈ 'ਸਾਲ ਦੀ ਸਰਬੋਤਮ ਪੈਰਾ ਤੀਰ-ਅੰਦਾਜ਼ ਐਲਾਨਿਆ ਹੈ। ਉਸ ਲਈ ਇਹ ਸਨਮਾਨ ਵੱਡੀ ਪ੍ਰਾਪਤੀ ਹੈ। ਇਸ ਵਿਚ ਇਕ ਇਤਿਹਾਸਕ ਵਿਸ਼ਵ ਚੈਂਪੀਅਨਸ਼ਿਪ ਦਾ ਖ਼ਿਤਾਬ ਵੀ ਸ਼ਾਮਿਲ ਹੈ। 19 ਵਰ੍ਹਿਆਂ ਦੀ ਸ਼ੀਤਲ ਦੇਵੀ ਵਿਸ਼ਵ ਚੈਂਪੀਅਨਸ਼ਿਪ ਵਿਚ ਸੋਨ ਤਗਮਾ ਜਿੱਤਣ ਵਾਲੀ (ਬਾਹਾਂ ਤੋਂ ਬਗੈਰ) ਪਹਿਲੀ ਮਹਿਲਾ ਤੀਰਅੰਦਾਜੀ ਬਣੀ ਹੈ। ਸ਼ੀਤਲ ਦੇਵੀ ਨੇ ਪੈਰਾ-ਤੀਰਅੰਦਾਜ਼ੀ ਵਿੱਚ ਇਤਿਹਾਸ ਰਚਿਆ ਹੈ। ਉਸਨੇ 2025 ਲਈ ਦੁਨੀਆ ਦੀ ਸਭ ਤੋਂ ਵਧੀਆ ਪੈਰਾ ਤੀਰਅੰਦਾਜ਼ ਦਾ ਖਿਤਾਬ ਜਿੱਤ ਕੇ ਭਾਰਤ ਦਾ ਮਾਣ ਵਧਾਇਆ ਹੈ। ਉਸਨੇ ਪਿਛਲੇ ਸਾਲ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਅੰਤਰਰਾਸ਼ਟਰੀ ਪ੍ਰਾਪਤੀਆਂ 'ਤੇ ਆਪਣਾ ਨਾਂਅ ਲਿਖਵਾਇਆ ਹੈ। ਪਿਛਲੇ ਸਾਲ ਦੱਖਣੀ ਕੋਰੀਆ ਦੇ ਗਵਾਂਗਜੂ ਵਿਚ ਕਰਵਾਏ ਗਏ ਸਮਾਗਮ ਵਿੱਚ ਮਹਿਲਾ ਵਿਅਕਤੀਗਤ ਕੰਪਾਊਂਡ ਸ਼੍ਰੇਣੀ ਵਿੱਚ ਖ਼ਿਤਾਬ ਜਿੱਤ ਕੇ ਆਪਣੀ ਧਰਤੀ ਦੀ ਮਾਣਮੱਤੀ ਧੀ ਹੋਣ ਦਾ ਮਾਣ ਹਾਸਲ ਕੀਤਾ ਹੈ। ਉਸ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਮਹਿਲਾ ਟੀਮ ਈਵੈਂਟ ਵਿੱਚ ਚਾਂਦੀ ਅਤੇ ਮਿਕਸਡ ਟੀਮ ਈਵੈਂਟ ਵਿੱਚ ਕਾਂਸੀ ਦਾ ਤਗਮਾ ਵੀ ਜਿੱਤਿਆ ਹੈ। ਉਸਨੇ ਲੱਤਾਂ ਅਤੇ ਮੋਢਿਆਂ ਦੀ ਵਰਤੋਂ ਕਰਕੇ ਨਿਸ਼ਾਨਾ ਲਗਾਉਣ ਦੀ ਵਿਲੱਖਣ ਤਕਨੀਕ ਨਾਲ ਇਤਿਹਾਸ ਰਚਿਆ ਹੈ। ਉਹ 'ਪੈਰਾ ਆਰਚਰ ਆਫ ਦਿ ਈਅਰ 2025' ਚੁਣੀ ਗਈ ਹੈ ਅਤੇ ਉਹ 2024 ਪੈਰਾਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਸਭ ਤੋਂ ਘੱਟ ਉਮਰ ਦੀ ਭਾਰਤੀ ਪੈਰਾਲੰਪੀਅਨ ਬਣੀ ਹੈ। ਹੱਥਾਂ ਬਾਂਹਾਂ ਤੋਂ ਬਗੈਰ, ਆਪਣੇ ਪੈਰਾਂ ਸਹਾਰੇ ਨਿਸ਼ਾਨੇਬਾਜ਼ੀ ਕਰਨ ਵਾਲੀ ਸ਼ੀਤਲ ਦੇਵੀ ਦਾ ਜੀਵਨ ਹੰਭੇ ਹਾਰੇ ਲੋਕਾਂ ਨੂੰ ਨਵਾਂ ਜੋਸ਼- ਜਜ਼ਬਾ ਦਿੰਦਾ ਹੈ। ਉਸਦੀਆਂ ਸੋਚਾਂ ਨੂੰ ਉਕਾਬਾਂ ਦੇ ਖੰਭ ਲੱਗੇ ਹੋਏ ਹਨ। ਜਦੋਂ ਸੋਚਾਂ ਦਾ ਸਰੀਰ ਤੰਦਰੁਸਤ ਹੋਵੇ ਤਾਂ ਇਨਸਾਨ ਕੁਝ ਵੀ ਕਰ ਸਕਦਾ ਹੈ। ਦੱਸ ਦੇਈਏ ਕਿ ਸ਼ੀਤਲ ਦਾ ਜਨਮ ਫੋਕੋਮੇਲੀਆ (ਫਹੋਚੋਮੲਲਿਓ) ਤਹਿਤ ਹੋਇਆ ਸੀ, ਪ੍ਰੰਤੂ ਉਸਨੇ ਆਪਣੀ ਹਿੰਮਤ, ਜਾਨੂੰਨ ਤੇ ਜਜ਼ਬੇ ਦੀ ਸ਼ਕਤੀ ਨਾਲ ਤੀਰਅੰਦਾਜ਼ੀ ਵਿੱਚ ਮੋਢਿਆਂ ਅਤੇ ਪੈਰਾਂ ਦਾ ਸਹਾਰਾ ਲੈ ਕੇ ਵਿਸ਼ਵ ਪੱਧਰ 'ਤੇ ਨਾਮ ਕਮਾਇਆ ਹੈ।



ਇਸ ਤਰ੍ਹਾਂ 'ਬਿਨ ਪਰੋਂ ਪਰਵਾਜ਼' ਭਰਨ ਵਾਲੀ 'ਸ਼ੀਤਲ ਦੇਵੀ' ਨੇ ਹਰ ਪਾਸੇ ਹੌਂਸਲਿਆਂ ਦੇ ਰੰਗ ਬਿਖੇਰੇ ਹਨ। ਲੋਕਾਈ ਨੂੰ ਨਵੀਂ ਸ਼ਕਤੀ ਦੇਣ ਦਾ ਕੰਮ ਕੀਤਾ ਹੈ। ਉਸਦਾ ਕੰਮ ਬੇ-ਹਿੰਮਤਿਆਂ ਨੂੰ ਹਿੰਮਤ ਦਿੰਦਾ ਹੈ। ਸੋ ਵਾਹਿਗੁਰੂ ਮਿਹਰ ਕਰਦੇ ਰਹਿਣ ਕਿ ਉਸਦੇ ਹਿੱਸੇ ਦਾ ਅੰਬਰ ਉਸਨੂੰ ਬਾਹਾਂ ਖੋਲ੍ਹ ਕੇ ਮਿਲਦਾ ਰਹੇ। ਉਸਦੀ ਖੇਡ ਦੁਨੀਆਂ ਮਿੱਟੀ ਵਾਂਗੂੰ ਮਹਿਕਦੀ ਰਹੇ।





**ਭਲੂਰ ਤੋਂ ਬੇਅੰਤ ਗਿੱਲ**
**9914381958**
**ਪਿੰਡ ਤੇ ਡਾਕ: ਭਲੂਰ (ਮੋਗਾ)**

# "ਕੱਚਾ ਕੋਠਾ"

ਇੱਕ ਵਾਰ ਇੱਕ ਨੋਜਵਾਨ ਰਾਹੁਲ। ਜੋ ਬਹੁਤ ਮਿਹਨਤੀ ਸੀ। ਛੋਟੀ ਉਮਰ ਤੋਂ ਹੀ ਉਸ ਨੇ ਆਪਣੇ ਆਪ ਨੂੰ ਇੱਕ ਵੱਡੀ ਸਫਲਤਾ ਲਈ ਸਮਰਪਿਤ ਕਰ ਦਿੱਤਾ ਸੀ। ਉਸ ਦਾ ਪਿਤਾ ਇੱਕ ਛੋਟਾ ਜਿਹਾ ਕਿਸਾਨ ਸੀ ਅਤੇ ਮਾਂ ਘਰ ਸੰਭਾਲਦੀ ਸੀ। ਰਾਹੁਲ ਨੇ ਉਨ੍ਹਾਂ ਨੂੰ ਵਾਅਦਾ ਕੀਤਾ ਸੀ,

"ਪਾਪਾ, ਮਾਂ, ਇੱਕ ਦਿਨ ਮੈਂ ਇੰਨੀ ਵੱਡੀ ਸਫਲਤਾ ਹਾਸਲ ਕਰਾਂਗਾ ਕਿ ਤੁਹਾਨੂੰ ਕਦੇ ਵੀ ਤਕਲੀਫ ਨਾ ਝੱਲਣੀ ਪਵੇਗੀ।"

ਉਹ ਕੰਮਕਾਰ ਲਈ ਸ਼ਹਿਰ ਚਲਾ ਗਿਆ। ਰਾਤ-ਦਿਨ ਪੜ੍ਹਾਈ ਅਤੇ ਕੰਮ ਕਰਦਾ ਰਿਹਾ। ਪਿੰਡ ਉਹ ਕਦੇ ਇੱਕ ਮਹੀਨੇ ਤੇ ਕਦੇ ਕਦੇ ਦੋ-ਤਿੰਨ ਮਹੀਨਿਆਂ ਤੋਂ ਆਉਂਦਾ।

ਪੰਜ ਸਾਲਾਂ ਵਿਚ ਉਹ ਇੱਕ ਵੱਡੀ ਕੰਪਨੀ ਵਿਚ ਉੱਚ ਅਹੁਦੇ ਤੱਕ ਪਹੁੰਚ ਗਿਆ। ਉਸ ਦੀ ਤਨਖਾਹ ਲੱਖਾਂ ਵਿਚ ਸੀ। ਉਸ ਨੇ ਸ਼ਹਿਰ ਵਿਚ ਇੱਕ ਵੱਡਾ ਘਰ ਖਰੀਦ ਲਿਆ, ਲਗਜ਼ਰੀ ਗੱਡੀ ਲਈ ਅਤੇ ਆਪਣੇ ਲਈ ਇੱਕ ਬਹੁਤ ਵਧੀਆ ਜੀਵਨ ਬਣਾ ਲਿਆ।

ਪਰ ਉਸ ਨੇ ਆਪਣੇ ਪਿੰਡ ਵਾਲੇ ਘਰ ਲਈ ਸਮਾਂ ਨਾ ਬਚਾਇਆ। ਫੋਨ ਤੇ ਗੱਲਾਂ ਵੀ ਘੱਟ ਹੋ ਗਈਆਂ। ਉਸ ਦੀ ਮਾਂ ਹਰ ਰਾਤ ਉਸ ਦੀ ਫੋਟੋ ਵੱਲ ਦੇਖ ਕੇ ਆਖਦੀ,

"ਮੇਰਾ ਮੁੰਡਾ ਬਹੁਤ ਵੱਡਾ ਹੋ ਗਿਆ ਹੈ... ਪਰ ਉਸ ਨੂੰ ਯਾਦ ਵੀ ਹੈ ਕਿ ਉਸ ਦਾ ਘਰ ਵੀ ਹੈ?"

ਇੱਕ ਦਿਨ ਰਾਹੁਲ ਨੂੰ ਇੱਕ ਵੱਡਾ ਐਵਾਰਡ ਮਿਲਣ ਵਾਲਾ ਸੀ। ਉਸ ਨੇ ਆਪਣੇ ਪਿਤਾ ਨੂੰ ਫੋਨ ਕੀਤਾ ਤੇ ਖੁਸ਼ੀ ਨਾਲ ਆਖਿਆ,

"ਪਾਪਾ, ਇਸ ਵਾਰੀ ਤੁਸੀਂ ਆ ਜਾਓ। ਮੈਂ ਤੁਹਾਨੂੰ ਸ਼ਹਿਰ ਵਿਚ ਰੱਖਾਂਗਾ। ਤੁਸੀਂ ਮੇਰੀ ਸਫਲਤਾ ਦੀ ਕਮਾਈ ਨਾਲ ਆਨੰਦ ਦਾ ਜੀਵਨ ਬਤੀਤ ਕਰੋ ।"

ਪਿਤਾ ਨੇ ਧੀਮੀ ਆਵਾਜ਼ ਵਿਚ ਆਖਿਆ,

"ਬੇਟਾ, ਅਸੀਂ ਤੇਰੀ ਸਫਲਤਾ ਤੋਂ ਖੁਸ਼ ਹਾਂ। ਪਰ ਅਸੀਂ ਤੇਰੀ ਉਡੀਕ ਕਰ ਰਹੇ ਹਾਂ, ਤੇਰੀ ਯਾਦ ਦੀ ਉਡੀਕ। ਤੂੰ ਆਪਣੀ ਸਫਲਤਾ ਵਿਚ ਖੁਸ਼ ਹੈਂ, ਠੀਕ ਹੈ। ਪਰ ਯਾਦ ਰੱਖ — ਸਫਲਤਾ ਤਾਂ ਇੱਕ ਰਾਹ ਹੈ, ਘਰ ਤਾਂ ਉਹ ਥਾਂ ਹੈ ਜਿੱਥੇ ਤੂੰ ਵਾਪਸ ਆਉਂਦਾ ਹੈਂ।"

ਰਾਹੁਲ ਨੇ ਇਸ ਗੱਲ ਨੂੰ ਹਲਕਾ ਲੈ ਲਿਆ ਅਤੇ ਐਵਾਰਡ ਫੰਕਸ਼ਨ ਵਿਚ ਰੋਜ਼ਾਨਾ ਵਾਂਗ ਰੁੱਝਿਆ ਰਿਹਾ।

ਫਿਰ ਇੱਕ ਰਾਤ ਉਸ ਨੂੰ ਫੋਨ ਆਇਆ। ਉਸ ਦੀ ਮਾਂ ਬਿਮਾਰ ਸੀ। ਰਾਹੁਲ ਤੁਰੰਤ ਪਿੰਡ ਪਹੁੰਚਿਆ। ਜਦੋਂ ਉਹ ਘਰ ਵਿਚ ਦਾਖਲ ਹੋਇਆ ਤਾਂ ਉਸ ਦਾ ਪਿਤਾ ਬੂਹੇ ਤੇ ਖੜ੍ਹਾ ਸੀ। ਉਸ ਨੇ ਰਾਹੁਲ ਨੂੰ ਗਲ ਲਗਾਇਆ ਅਤੇ ਆਖਿਆ,

"ਬੇਟਾ, ਤੂੰ ਬਹੁਤ ਵੱਡਾ ਹੋ ਗਿਆ ਹੈਂ। ਪਰ ਤੇਰੀ ਮਾਂ ਨੂੰ ਤੇਰੀ ਲੋੜ ਸੀ, ਨਾ ਕਿ ਤੇਰੀ ਸਫਲਤਾ ਦੀ।"

ਰਾਹੁਲ ਅੰਦਰ ਗਿਆ ਤਾਂ ਮਾਂ ਬਿਸਤਰ ਤੇ ਲੇਟੀ ਸੀ। ਉਸ ਨੇ ਰਾਹੁਲ ਦਾ ਹੱਥ ਫੜਿਆ ਤੇ ਆਖਿਆ,

"ਬੇਟਾ, ਸਫਲਤਾ ਬਹੁਤ ਵਧੀਆ ਚੀਜ਼ ਹੈ। ਇਹ ਤੈਨੂੰ ਪੈਸਾ, ਇੱਜ਼ਤ ਤੇ ਆਰਾਮ ਦਿੰਦੀ ਹੈ। ਪਰ ਇਹ ਤੈਨੂੰ ਉਹ ਗਰਮੀ ਨਹੀਂ ਦੇ ਸਕਦੀ ਜੋ ਤੇਰੀ ਮਾਂ ਦੀ ਗੋਦ ਵਿਚ ਮਿਲਦੀ ਸੀ। ਤੂੰ ਸਫਲਤਾ ਲਈ ਘਰ ਛੱਡ ਦਿੱਤਾ, ਤਾਂ ਠੀਕ ਹੈ। ਪਰ ਯਾਦ ਰੱਖ — ਜੇ ਘਰ ਖਾਲੀ ਰਿਹਾ ਤਾਂ ਸਫਲਤਾ ਵੀ ਖਾਲੀ ਲੱਗਣ ਲੱਗਦੀ ਹੈ।"

ਉਸ ਰਾਤ ਰਾਹੁਲ ਰੋਇਆ। ਉਸ ਨੇ ਆਪਣੀ ਸਫਲਤਾ ਵੱਲ ਦੇਖਿਆ ਤੇ ਆਪਣੇ ਪਰਿਵਾਰ ਵੱਲ ਵੀ। ਉਸ ਨੂੰ ਲੱਗਿਆ ਕਿ ਉਸ ਨੇ ਇੱਕ ਤਰਾਜ਼ੂ ਤੇ ਇੱਕ ਪਾਸੇ ਸਫਲਤਾ ਰੱਖੀ ਸੀ ਤੇ ਦੂਜੇ ਪਾਸੇ ਆਪਣਾ ਘਰ। ਤਰਾਜ਼ੂ ਹਮੇਸ਼ਾ ਸਫਲਤਾ ਵੱਲ ਝੁਕਿਆ ਰਿਹਾ ਸੀ।

ਅਗਲੇ ਦਿਨ ਤੋਂ ਰਾਹੁਲ ਨੇ ਆਪਣੀ ਜ਼ਿੰਦਗੀ ਵਿਚ ਤਬਦੀਲੀ ਲਿਆਂਦੀ। ਉਸ ਨੇ ਸਫਲਤਾ ਨੂੰ ਨਾ ਛੱਡਿਆ, ਪਰ ਉਸ ਨੇ ਘਰ ਲਈ ਵੀ ਸਮਾਂ ਬਣਾਉਣਾ ਸ਼ੁਰੂ ਕਰ ਦਿੱਤਾ। ਹਰ ਮਹੀਨੇ ਉਹ ਇੱਕ ਵਾਰ ਘਰ ਆਉਣ ਲੱਗਾ। ਉਸ ਦੇ ਪਿਤਾ-ਮਾਂ ਨਾਲ ਘੰਟਿਆਂ ਗੱਲਾਂ ਕਰਦਾ, ਉਨ੍ਹਾਂ ਨਾਲ ਖਾਣਾ ਖਾਂਦਾ ਤੇ ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਵਿਚ ਹਿੱਸਾ ਲੈਂਦਾ। ਹੁਣ ਉਸ ਪਿੰਡ ਦੇ ਉਹ ਕੱਚਾ ਕੋਠਾ ਵੀ ਆਪਣੇ ਏ ਸੀ ਵਾਲੇ ਦਫ਼ਤਰ ਅਤੇ ਸ਼ਹਿਰ ਵਾਲੀ ਕੋਠੀ ਤੋਂ ਜ਼ਿਆਦਾ ਵਧੀਆ ਲੱਗਣ ਲੱਗ ਪਿਆ। ਰਾਹੁਲ ਦੀ ਪਤਨੀ ਤੇ ਬੱਚੇ ਵੀ ਪਿੰਡ ਆਕੇ ਬਹੁਤ ਖੁਸ਼ੀ ਮਹਿਸੂਸ ਕਰਦੇ।

ਇੱਕ ਦਿਨ ਉਸ ਨੇ ਆਪਣੇ ਦੋਸਤ ਨੂੰ ਆਖਿਆ,

"ਸਫਲਤਾ ਤਾਂ ਮੈਨੂੰ ਉੱਚਾ ਉਠਾਇਆ ਹੈ, ਪਰ ਪਰਿਵਾਰ ਹੀ ਮੈਨੂੰ ਧਰਤੀ ਤੇ ਰੱਖਦਾ ਹੈ। ਸੱਚ ਇੱਕ ਤੋਂ ਬਿਨਾਂ ਦੂਜਾ ਅਧੂਰਾ ਹੈ।"



**ਅਸਿਸਟੈਂਟ ਪ੍ਰੋਫੈਸਰ**
**ਗੁਰਮੀਤ ਸਿੰਘ**
**9417545100**

# ਡਾ. ਅੰਬੇਡਕਰ ਸਕੂਲ ਬੁਲੰਦਪੁਰ ਦਾ ਸਲਾਨਾ ਨਤੀਜਾ ਘੋਸ਼ਿਤ,ਮਾਪੇ ਆਪਣੇ ਬੱਚਿਆਂ ਦੇ ਭਵਿੱਖ ਲਈ ਪੜ੍ਹਾਈ ਨੂੰ ਪਹਿਲ ਦੇਣ-ਪ੍ਰੋ. ਬਲਬੀਰ

















**ਜਲੰਧਰ (ਪਰਮਜੀਤ ਜੱਸਲ)**- ਡਾ.ਬੀ.ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਜਲੰਧਰ ਦਾ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਮਾਨਯੋਗ ਪ੍ਰੋਫੈਸਰ ਬਲਬੀਰ , ਦੋਆਬਾ ਕਾਲਜ ਜਲੰਧਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿੰਦਗੀ ਵਿੱਚ ਸਿੱਖਿਆ ਦਾ ਬਹੁਤ ਮਹੱਤਵ ਹੈ। ਇਸ ਲਈ ਕਿਸੇ ਵੀ ਕੀਮਤ 'ਤੇ ਤੁਹਾਨੂੰ ਜਰੂਰ ਹੀ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ। ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ ਜੀ ਕਾਫੀ ਲੰਬੇ ਸਮੇਂ ਤੋਂ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ -ਨਾਲ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਵੀ ਅੱਗੇ ਵਧਾਉਣ ਲਈ ਆਪਣਾ ਉੱਘਾ ਯੋਗਦਾਨ ਪਾ ਰਹੇ ਹਨ।ਬਾਬਾ ਸਾਹਿਬ ਜੀ ਨੇ ਸੰਵਿਧਾਨਿਕ ਅਧਿਕਾਰਾਂ ਰਾਹੀਂ ਸਾਨੂੰ ਜਿਊਣ ਦੇ ਹੱਕ ਦਿਵਾਏ। ਬਾਬਾ ਸਾਹਿਬ ਜੀ ਨੂੰ ਪਾਣੀ ਲਈ ਵੀ ਸੰਘਰਸ਼ ਕਰਨਾ ਪਿਆ। ਪ੍ਰੋਫੈਸਰ ਸਾਹਿਬ ਨੇ ਕਿਹਾ ਕਿ ਬੱਚਿਆਂ ਨੂੰ ਆਪਣੇ ਮਾਤਾ ਪਿਤਾ, ਟੀਚਰਾਂ ਅਤੇ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵਿਸ਼ੇਸ਼ ਮਹਿਮਾਨ ਮਾਨਯੋਗ ਸ.ਹਰਬੰਸ ਸਿੰਘ ਧਾਮੀ ਯੂਕੇ ਨੇ ਕਿਹਾ ਕਿ ਵਿਦਿਆਰਥੀ ਦੇ ਜੀਵਨ ਨੂੰ ਉੱਚਾ ਸੁੱਚਾ ਅਤੇ ਖੁਸ਼ਹਾਲ ਬਣਾਉਣ 'ਚ ਸਕੂਲ ਦੇ ਅਧਿਆਪਕਾਂ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਉਹ ਹੀ ਸਮਾਜ ਦੇ ਨਿਰਮਾਤਾ ਹਨ।ਉਹਨਾਂ ਨੇ ਵਿਦਿਆਰਥੀਆਂ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਤੇ ਫਲਸਫੇ ਸਬੰਧੀ ਪ੍ਰਸ਼ਨ ਪੁੱਛੇ। ਵਿਦਿਆਰਥੀਆਂ ਦੇ ਸਹੀ ਉੱਤਰਾਂ ਤੋਂ ਸ. ਹਰਬੰਸ ਸਿੰਘ ਧਾਮੀ ਜੀ ਨੇ ਖੁਸ਼ੀ ਪ੍ਰਗਟਾਈ।ਵਿਦਿਆਰਥੀਆਂ ਵੱਲੋਂ ਇਸ ਮੌਕੇ 'ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਗੀਤ ਅਤੇ ਵਿਚਾਰਧਾਰਾ 'ਤੇ ਵਿਚਾਰ ਪੇਸ਼ ਕੀਤੇ ਗਏ। ਚੰਗੀਆਂ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਵੱਲੋਂ ਮੁੱਖ ਮਹਿਮਾਨ ਮਾਨਯੋਗ ਪ੍ਰੋਫੈਸਰ ਬਲਬੀਰ ਅਤੇ ਮਾਨਯੋਗ ਸ. ਹਰਬੰਸ ਸਿੰਘ ਯੂ.ਕੇ. ਨੂੰ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਸਲਾਨਾ ਨਤੀਜਾ ਘੋਸ਼ਿਤ ਕੀਤਾ ਅਤੇ ਕਿਹਾ ਕਿ ਸਖਤ ਮਿਹਨਤ, ਅਨੁਸ਼ਾਸ਼ਨ, ਪੋਜੀਟਿਵ ਸੋਚ ਹੀ ਵਿਦਿਆਰਥੀ ਨੂੰ ਉੱਚ ਮੰਜਿਲ ਤੱਕ ਪਹੁੰਚਾਉਂਦੇ ਹਨ। ਉਹਨਾਂ ਕਿਹਾ ਕਿ ਸਕੂਲ ਦਾ ਨਰਸਰੀ ਵਿੰਗ, ਕੰਪਿਊਟਰ ਰੂਮ ਅਤੇ ਯੂ.ਕੇ. ਜੀ. ਰੂਮ ਨੂੰ ਬਹੁਤ ਜਲਦ ਸਮਾਰਟ ਰੂਮ ਬਣਾਇਆ ਜਾ ਰਿਹਾ। ਨਵੇਂ ਕੰਪਿਊਟਰਾਂ ਰਾਹੀਂ ਵਿਦਿਆਰਥੀਆਂ ਨੂੰ ਆਧੁਨਿਕ ਕੰਪਿਊਟਰ ਸਿੱਖਿਆ ਦਿੱਤੀ ਜਾਵੇਗੀ ਤਾਂ ਜੋ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ। ਉਹਨਾਂ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਹਨਾਂ ਮਹਿਮਾਨਾਂ ,ਮਾਪਿਆ, ਸਕੂਲ ਅਧਿਆਪਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਪ੍ਰੋਗਰਾਮ ਸਫਲ ਹੋਇਆ। ਸ਼ਾਮ ਲਾਲ ਟੈਂਟ ਹਾਊਸ ਦਾ ਵੀ ਸਨਮਾਨ ਕੀਤਾ ਗਿਆ। ਸਕੂਲ ਦੀ ਆਰਥਿਕ ਮਦਦ ਕਰਨ ਵਾਲੇ ਦਾਨੀਆਂ ਦਾ ਵਿਸ਼ੇਸ਼ ਤੌਰ 'ਤੇ ਪ੍ਰਿੰਸੀਪਲ ਵੱਲੋਂ ਧੰਨਵਾਦ ਕੀਤਾ ਗਿਆ।

# ਕਹਾਣੀ ਰਾਜ਼




ਦਿੱਲੀ ਦੀਆਂ ਸੜਕਾਂ ਤੇ ਭੀੜ ਭੜੱਕਾ ਕਾਫ਼ੀ ਹੁੰਦਾ ਹੈ। ਉੱਥੇ ਜੇ ਕਿਸੇ ਨੂੰ ਆਪਣੇ ਪਿੰਡ ਵੱਲ ਦਾ ਕੋਈ ਦਿਖ ਵੀ ਜਾਵੇ ਤਾਂ ਪਹਿਲਾਂ ਉਸ ਨੂੰ ਆਪਣੀਆਂ ਅੱਖਾਂ ਉੱਤੇ ਯਕੀਨ ਹੀ ਨਹੀਂ ਆਉਂਦਾ ਕਿ ਇਹ ਸਾਡੇ ਪਿੰਡਾਂ ਵੱਲ ਦਾ ਫਲਾਣਾ ਹੋਵੇਗਾ। ਚੱਲ ਜੇ ਮੁਹਾਂਦਰਾ ਪਛਾਣ ਵਿੱਚ ਆ ਵੀ ਜਾਵੇ ਤਾਂ ਬੁਲਾਉਣ ਤੋਂ ਝਿਜਕ ਆ ਜਾਂਦੀ ਹੈ "ਖੌਰੇ ਕਿਸੇ ਹੋਰ ਨੂੰ ਹੀ ਨਾ ਬੁਲਾ ਲਈਏ,ਰਾਹ ਜਾਂਦੀ ਬਲਾ ਹੀ ਨਾ ਕਿਤੇ ਗਲ਼ ਪਾ ਲਈਏ।" ਹਰਦੇਵ ਪਿੰਡੋਂ ਮੋਟਰਾਂ ਬੰਨਣ ਦਾ ਕੰਮ ਸਿੱਖਿਆ ਹੋਇਆ ਸੀ। ਜਦੋਂ ਤੋਂ ਸਾਰੇ ਭਰਾ ਅੱਡ ਅੱਡ ਹੋਏ ਸਨ ਉਦੋਂ ਤੋਂ ਹੀ ਉਹ ਦਿੱਲੀ ਜਾ ਕੇ ਇਹ ਕੰਮ ਕਰਨ ਲੱਗ ਪਿਆ ਸੀ।ਉਸ ਦੀ ਪਹਿਲੀ ਘਰਵਾਲੀ ਦੇ ਕੋਈ ਬੱਚਾ ਨਹੀਂ ਹੋਇਆ ਸੀ।ਉਹ ਮਰੀਅਲ ਜਿਹੀ, ਗਠੀਏ ਦੀ ਮਾਰੀ ਦਵਾਈਆਂ ਦੇ ਸਹਾਰੇ ਹੀ ਜ਼ਿੰਦਗੀ ਕੱਟਦੀ ਕੱਟਦੀ ਪਿੰਡ ਰਹਿੰਦੇ ਹੋਏ ਹੀ ਰੱਬ ਨੂੰ ਪਿਆਰੀ ਹੋ ਗਈ ਸੀ। ਹੁਣ ਦਿੱਲੀ ਕਮਰਾ ਕਿਰਾਏ ਤੇ ਲੈਕੇ ਕੰਮ ਕਰਦਾ ਤੇ ਵਧੀਆ ਦਿਨ ਕਟੀ ਕਰ ਰਿਹਾ ਸੀ।ਉਸ ਨੂੰ ਦਿੱਲੀ ਹੀ ਕਿਸੇ ਨੇ ਵਿਧਵਾ ਔਰਤ ਦਾ ਰਿਸ਼ਤਾ ਕਰਾ ਦਿੱਤਾ ਸੀ। ਉਹ ਆਪਣੀ ਪਤਨੀ ਨਾਲ ਵਧੀਆ ਗੁਜ਼ਰ ਬਸਰ ਕਰ ਰਿਹਾ ਸੀ।

ਇੱਕ ਦਿਨ ਹਰਦੇਵ ਆਪਣੀ ਪਤਨੀ ਨੂੰ ਸਕੂਟਰ ਤੇ ਬਿਠਾਈ ਜਾਂਦਾ ਸੀ । ਲਾਲ ਬੱਤੀ ਹੋਣ ਤੇ ਸਕੂਟਰ ਰੋਕਿਆ ਹੋਇਆ ਸੀ ਕਿ ਮੂਹਰੋਂ ਦੀ ਇੱਕ ਜੁਆਨ ਜਿਹੀ ਔਰਤ ਨੇ ਦੋ ਬੱਚਿਆਂ ਦੇ ਹੱਥ ਫੜੇ ਹੋਏ ਸੜਕ ਪਾਰ ਕੀਤੀ। ਹਰਦੇਵ ਨੂੰ ਕਿਸੇ ਦਾ ਭੁਲੇਖਾ ਜਿਹਾ ਪਿਆ ਤਾਂ ਉਹ ਉਸ ਨੂੰ ਤੁਰੀ ਜਾਂਦੀ ਨੂੰ ਦੂਰ ਤੱਕ ਵਿਹੰਦਾ ਰਿਹਾ। ਬੱਚਿਆਂ ਦੇ ਵਰਦੀ ਪਾਈ ਹੋਈ ਸੀ ,ਉਹ ਔਰਤ ਵਾਂਗ ਸੋਹਣੇ ਨਹੀਂ ਸਨ। ਉਹਨਾਂ ਦੀਆਂ ਨਾਸਾਂ ਚੌੜੀਆਂ ਤੇ ਬੁੱਲ੍ਹਾਂ ਦਾ ਵਾਚਾ ਚੌੜਾ ਜਿਹਾ ਤੇ ਰੰਗ ਸਾਂਵਲਾ ਜਿਹਾ ਸੀ।ਔਰਤ ਦੇ ਵੀ ਘਟੀਆ ਜਿਹੇ ਕੱਪੜੇ ਦਾ ਸਾਫ਼ ਸੁਥਰਾ ਸੂਟ ਪਾਇਆ ਹੋਇਆ ਸੀ। ਬੱਤੀ ਹੁੰਦਿਆਂ ਹੀ ਉਸ ਨੇ ਸਕੂਟਰ ਦੀ ਕਿੱਕ ਮਾਰੀ ਤੇ ਉਹ ਬਜ਼ਾਰ ਵੱਲ ਨੂੰ ਨਿਕਲ ਗਿਆ।ਉਹ ਕਾਫ਼ੀ ਦੇਰ ਸੋਚਦਾ ਹੋਇਆ ਸਕੂਟਰ ਚਲਾਈ ਜਾ ਰਿਹਾ ਸੀ ।ਉਸ ਦੀਆਂ ਅੱਖਾਂ ਅੱਗੇ ਉਸ ਜੁਆਨ ਔਰਤ ਦਾ ਚਿਹਰਾ ਹੀ ਘੁੰਮ ਰਿਹਾ ਸੀ।ਉਸ ਦੀ ਪਤਨੀ ਇਸ ਗੱਲੋਂ ਅਣਜਾਣ ਗੱਲਾਂ ਮਾਰੀ ਜਾ ਰਹੀ ਸੀ,ਉਸ ਨੂੰ ਲੱਗ ਰਿਹਾ ਸੀ ਕਿ ਜ਼ਿਆਦਾ ਟ੍ਰੈਫਿਕ ਕਾਰਨ ਉਹ ਉਸ ਨੂੰ ਕੋਈ ਜਵਾਬ ਨਹੀਂ ਦੇ ਰਿਹਾ।

ਅਗਲੇ ਦਿਨ ਹਰਦੇਵ ਕੱਲ੍ਹ ਵਾਲੇ ਸਮੇਂ ਤੇ ਇਕੱਲਾ ਹੀ ਸਕੂਟਰ ਲੈ ਕੇ ਨਿਕਲ ਗਿਆ। ਜਿਹੜੀਆਂ ਟ੍ਰੈਫਿਕ ਬੱਤੀਆਂ 'ਤੇ ਉਹ ਕੱਲ੍ਹ ਰੁਕੇ ਸਨ , ਅੱਜ ਉਸ ਨੇ ਉੱਥੇ ਕਿਨਾਰੇ ਤੇ ਕਿਸੇ ਦੁਕਾਨ ਮੂਹਰੇ ਸਕੂਟਰ ਸਟੈਂਡ ਤੇ ਲਾ ਕੇ ਉੱਪਰ ਇੱਕ ਪਾਸੇ ਨੂੰ ਦੋਵੇਂ ਲੱਤਾਂ ਕਰਕੇ, ਇੱਕ ਲੱਤ ਉੱਤੋਂ ਦੀ ਦੂਜੀ ਲੱਤ ਰੱਖ ਕੇ, ਦੋਨੋਂ ਗੋਡਿਆਂ ਦੇ ਉੱਤੋਂ ਦੀ ਬਾਹਵਾਂ ਖਿੱਚ ਕੇ, ਦੋਵੇਂ ਹੱਥਾਂ ਦੀ ਕੰਘੀ ਪਾ ਕੇ ਬੈਠ ਗਿਆ । ਬਿਲਕੁਲ ਕੱਲ੍ਹ ਵਾਲੇ ਸਮੇਂ ਤੇ ਉਹ ਜੁਆਨ ਜਿਹੀ ਔਰਤ ਦੋਵੇਂ ਜਵਾਕਾਂ ਨੂੰ ਪਿਛਲੀਆਂ ਕਲੋਨੀਆਂ ਵਿਚਲੇ ਗਲੀ ਵਾਲੇ ਸਕੂਲ ਵਿੱਚੋਂ ਆ ਰਹੀ ਸੀ। ਉਸ ਨੂੰ ਜਿਹੜੀ ਕੁੜੀ ਦਾ ਭੁਲੇਖਾ ਪੈਂਦਾ ਸੀ, ਹੁਣ ਉਸ ਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਪੱਕਾ ਇਹ ਉਹੀ ਕੁੜੀ ਹੈ।ਉਸ ਨੇ ਪੈਦਲ ਹੀ ਕੁੜੀ ਦਾ ਪਿੱਛਾ ਕੀਤਾ ਤਾਂ ਉਹ ਕੋਠੀਆਂ ਪਿੱਛੇ ਬਣੀਆਂ ਹੋਈਆਂ ਟੁੱਟੇ ਭੱਜੇ ਜਿਹੇ ਇੱਕ ਇੱਕ ਕਮਰੇ ਵਾਲੀ ਤੰਗ ਗਲੀਆਂ ਵਾਲੀ ਕਲੋਨੀ ਵਿੱਚ ਰਹਿੰਦੀ ਸੀ। ਉਸਨੇ ਟੁੱਟੇ ਜਿਹੇ ਦਰਵਾਜ਼ੇ ਦਾ ਤਾਲਾ ਖੋਲਿਆ ਤੇ ਆਪਣੇ ਅਤੇ ਬੱਚਿਆਂ ਦੇ ਧਿਆਨ ਵਿੱਚ ਹੀ ਅੰਦਰ ਚਲੀ ਗਈ। ਅੱਜ ਹਰਦੇਵ ਕੱਲ੍ਹ ਨਾਲੋਂ ਵੀ ਜ਼ਿਆਦਾ ਪ੍ਰੇਸ਼ਾਨ ਜਿਹਾ ਹੋ ਗਿਆ ਸੀ ਪਰ ਉਸ ਨੂੰ ਯਕੀਨ ਸੀ ਕਿ ਉਹੀ ਕੁੜੀ ਹੈ ।

ਉਹ ਰਾਤ ਭਰ ਬੇਚੈਨ ਰਿਹਾ ਤੇ ਅਗਲੇ ਦਿਨ ਦਾ ਇੰਤਜ਼ਾਰ ਕਰਨ ਲੱਗਿਆ।ਉਸ ਨੇ ਤੀਜੇ ਦਿਨ ਸਕੂਟਰ ਉਸ ਦੀ ਕੋਠੜੀ ਮੂਹਰੇ ਖੜ੍ਹਾ ਲਿਆ।ਉਹ ਆਪਣੇ ਬੱਚਿਆਂ ਨੂੰ ਲੈਕੇ ਜਿਵੇਂ ਹੀ ਆਈ , ਹਰਦੇਵ ਨੇ ਝੱਟ ਦੇਣੇ ਉਸ ਨੂੰ ਕਿਹਾ,"ਕੁੜੀਏ!...... ਤੂੰ ਜੱਗੇਵਾਲ ਵਾਲੇ ਨਾਜਰ ਸਿਉਂ ਦੀ ਕੁੜੀ ਆਂ?" ਉਹ ਨੌਜਵਾਨ ਔਰਤ ਨੇ ਇੱਕ ਦਮ ਉਸ ਦੇ ਮੂੰਹ ਵੱਲ ਹੈਰਾਨੀ ਨਾਲ ਤੱਕਿਆ ਤੇ ਫੇਰ ਇੱਕ ਦਮ ਕਾਹਲ਼ੀ ਨਾਲ਼ ਨਾਂਹ ਕਰ ਦਿੱਤੀ।ਪਰ ਉਸ ਦੀ ਅਚਾਨਕ ਤੱਕਣੀ ਨੇ ਉਸ ਦੇ ਨਾਜਰ ਸਿੰਘ ਦੀ ਕੁੜੀ ਹੋਣ ਦੀ ਮੋਹਰ ਲਾ ਦਿੱਤੀ ਸੀ। ਹਰਦੇਵ ਨੇ ਫੇਰ ਉਸ ਨੂੰ ਪਿੰਡਾਂ ਵਾਲੀ ਅਪਣੱਤ ਨਾਲ ਕਿਹਾ,"ਕੁੜੀਏ ਤੂੰ ਝੂਠ ਬੋਲਦੀ ਆਂ......? ਮੈਂ ਤੈਨੂੰ ਜਾਣਦਾਂ ਪਰ ਤੂੰ ਨੀ ਮੈਨੂੰ ਜਾਣਦੀ,ਥੋਡੇ ਨਾਲ ਦਾ ਪਿੰਡ ਹਾਂਦਲਾਂ ਦਾ ਮੈਂ......!" ਆਪਣੀ ਪਛਾਣ ਦੱਸਦਿਆਂ ਕਿਹਾ। ਉਸ ਨੌਜਵਾਨ ਔਰਤ ਦੇ ਚਿਹਰੇ ਦੇ ਹਾਵ ਭਾਵ ਇਸ ਤਰ੍ਹਾਂ ਬਦਲ ਰਹੇ ਸਨ ਜਿਵੇਂ ਉਸ ਦਾ ਬਹੁਤ ਵੱਡਾ ਝੂਠ ਫੜਿਆ ਗਿਆ ਹੋਵੇ ਪਰ ਉਹ ਲੁਕਾਉਣਾ ਚਾਹੁੰਦੀ ਹੋਵੇ ਪਰ ਦਿਲੋਂ ਉਹ ਸੱਚ ਕੱਢਣਾ ਵੀ ਚਾਹੁੰਦੀ ਹੋਵੇ।ਉਸ ਦੀ ਚੁੱਪ ਵਿੱਚੋਂ ਸਾਰਾ ਕੁਝ ਸਮਝ ਆ ਰਿਹਾ ਸੀ। ਹਰਦੇਵ ਨੇ ਉਸ ਨੂੰ ਕਿਹਾ,"ਮੈਂ ਥੋਡੀ ਮੋਟਰ ਠੀਕ ਕਰਨ ਗਿਆ ਹੋਇਆ ਸੀ ਜਿਸ ਦਿਨ ਮੀਂਹ ਪੈਂਦਾ ਸੀ।ਤੇਰਾ ਬਾਪੂ ਮੇਰਾ ਸਕੂਟਰ ਲੈ ਕੇ ਤੈਨੂੰ ਕਾਲਜ ਤੋਂ ਆਈ ਨੂੰ ਅੱਡੇ ਤੋਂ ਲੈਣ ਗਿਆ ਸੀ। ਤੂੰ ਕਾਲਜ ਵਾਲੀ ਬੱਸ ਚ ਨੀ ਸੀ ਜਾਂਦੀ ਹੁੰਦੀ ਭਲਾ...... ਤੂੰ ਨਵੀਂ ਨਵੀਂ ਦਾਖਲ ਹੋਈ ਸੀ ਕਾਲਜ?" ਉਹ ਜਵਾਨ ਔਰਤ ਦੇ ਚਿਹਰੇ ਦੀਆਂ ਹਵਾਈਆਂ ਉੱਡਣ ਲੱਗੀਆਂ ਪਰ ਉਹ ਜ਼ਿਆਦਾ ਸਮਾਂ ਆਪਣੇ ਅੰਦਰ ਵਾਲ਼ਾ ਝੂਠ ਲੁਕਾ ਨਾ ਸਕੀ। "ਹਾਂ ਵੀਰ,ਮੈਂ ਈ ਆਂ ਉਹ ਰਾਣੋ........(ਅੱਖਾਂ ਵਿੱਚੋਂ ਜਾਰ ਜਾਰ ਪਾਣੀ ਦੇ ਦੋ ਦਰਿਆ ਵਹਿਣੇ ਸ਼ੁਰੂ ਹੋ ਗਏ) ਵੀਰੇ ਇਸ ਰਾਜ਼ ਨੂੰ ਤੂੰ ਰਾਜ਼ ਹੀ ਰਹਿਣਦੇ.....(ਉਹ ਦੋਵੇਂ ਹੱਥ ਜੋੜ ਕੇ ਹਰਦੇਵ ਮੂਹਰੇ ਫਰਿਆਦ ਕਰਨ ਲੱਗੀ)..... ਵੀਰੇ, ਮੈਨੂੰ ਮੋਇਆ ਈ ਰਹਿਣਦੇ......।" ਰੋਂਦੀ ਹੋਈ ਉਹ ਕਹਿ ਰਹੀ ਸੀ। "ਕੁੜੀਏ! ਤੂੰ ਜੱਗੇਵਾਲ ਦੇ ਚੰਗੇ ਜੱਟਾਂ ਦੇ ਘਰ ਦੀ ਕੁੜੀ ਸੀ.... ਤੂੰ ਆ ਕੀ ਕੀਤਾ ਸੀ....? ਕੋਈ ਚੱਜ ਦਾ ਕੰਮ ਕਰ ਲੈਂਦੀ...!" ਹਰਦੇਵ ਨੇ ਅਪਣੱਤ ਵਿੱਚ ਡਾਂਟਦੇ ਹੋਏ ਆਖਿਆ,"ਹੁਣ ਕਿੱਥੇ ਆ ਓਹ ਭਈਆ....?" ਉਹ ਬਹੁਤ ਝਿਜਕਦੇ ਹੋਏ ਓਵੇਂ ਹੱਥ ਜੋੜੀ ਖੜ੍ਹੀ ਬੋਲੀ,"ਵੀਰੇ,ਮੇਰਾ ਦੂਜਾ ਮੁੰਡਾ ਜਦੋਂ ਹੋਇਆ ਸੀ ਤਾਂ ਉਹ ਮਰ ਗਿਆ ਸੀ।" ਪਰ ਹਰਦੇਵ ਨੇ ਉਸ ਵਿੱਚੋਂ ਵੀ ਝੂਠ ਫੜ ਲਿਆ ਤੇ ਕਿਹਾ," ਕੁੜੀਏ, ਤੂੰ ਹਜੇ ਵੀ ਝੂਠ ਬੋਲਦੀ ਆਂ...ਸੱਚ ਦੱਸ ਕੀ ਹੋਇਆ?" "ਹਾਂ ਵੀਰ ਸੱਚ ਦੱਸਦੀਆਂ,ਸੁਣ.......ਉਹ ਮੇਰੇ ਪੈਸੇ ਤੇ ਗਹਿਣੇ, ਜਿਹੜੇ ਮੈਂ ਆਪਣੀ ਮੰਮੀ ਦੇ ਲੈ ਕੇ ਆਈ ਸੀ , ਕੁਝ ਦੇਰ ਮੈਂ ਨਹੀਂ ਦਿੱਤੇ ਸਨ , ਮੈਂ ਥੋੜ੍ਹਾ ਬਹੁਤਾ ਪੈਸਾ ਓਹਨੂੰ ਦੇ ਕੇ ਸਭ ਕੁਝ ਬਹੁਤ ਸੰਭਾਲ਼ ਸੰਭਾਲ ਕੇ ਰੱਖਿਆ,ਪਰ ਜਦ ਛੋਟਾ ਮੁੰਡਾ ਹੋਇਆ, ਮੈਂ ਹਸਪਤਾਲ ਈ ਸੀ ਤੇ ਟਰੰਕ ਦਾ ਤਾਲਾ ਤੋੜ ਕੇ ਉਹ ਸਾਰੇ ਗਹਿਣੇ ਤੇ ਪੈਸੇ ਲੈ ਕੇ ਭੱਜ ਗਿਆ ,ਮੁੜ ਕੇ ਕਦੇ ਨਹੀਂ ਆਇਆ। ਇੱਕ ਅਮੀਰ ਪਰਿਵਾਰ ਨੇ ਮੇਰੀ ਮਦਦ ਕੀਤੀ। ਉਹਨਾਂ ਦੀ ਕੋਠੀ ਮੇਰੀ ਕੋਠੜੀ ਦੇ ਨਾਲ ਹੀ ਹੈ।ਮੈਂ ਉਹਨਾਂ ਦੇ ਘਰ ਕੰਮ ਕਰਕੇ ਦੋਵੇਂ ਜਵਾਕ ਪਾਲਦੀ ਆਂ।ਉਹ ਮੇਰੇ ਲਈ ਰੱਬ ਬਣ ਕੇ ਆਏ।" ਉਸ ਨੇ ਫਿਰ ਕਿਹਾ,"ਵੀਰੇ ਮੈਨੂੰ ਓਥੇ ਮੋਈ ਰਹਿਣਦੇ,(ਹੱਥ ਜੋੜ ਕੇ) ਇਸ ਰਾਜ਼ ਨੂੰ ਰਾਜ਼ ਹੀ ਰਹਿਣਦੇ। ਮੇਰੇ ਮਾਪਿਆਂ ਦੇ ਜ਼ਖ਼ਮ ਫੇਰ ਨਾ ਫਰੋਲ ਦੇਵੀਂ ਕਿਤੇ....." ਹਰਦੇਵ ਉਸ ਦੀ ਗੱਲ ਸੁਣ ਕੇ ਸੁੰਨ ਜਿਹਾ ਹੋ ਗਿਆ ਸੀ।ਉਸ ਨੇ ਕੁੜੀ ਦੇ ਸਿਰ ਤੇ ਹੱਥ ਰੱਖਦਿਆਂ ਆਖਿਆ," ਕੁੜੀਏ! ਇਹ ਮੇਰਾ ਫੋਨ ਨੰਬਰ ਰੱਖ ਲੈ, ਕਦੇ ਲੋੜ ਹੋਵੇ ਤਾਂ......! ਤੂੰ ਬੇਫ਼ਿਕਰ ਰਹਿ,ਤੇਰਾ ਰਾਜ਼ ਰਾਜ਼ ਹੀ ਰਹੇਗਾ....।" ਕਹਿਕੇ ਹਰਦੇਵ ਉੱਥੋਂ ਛੇ ਸਾਲ ਪੁਰਾਣੀਆਂ ਸੋਚਾਂ ਵਿੱਚ ਡੁੱਬਿਆ ਆ ਰਿਹਾ ਸੀ। ਉਸ ਨੇ ਉਸ ਦੇ ਹੌਲ ਨਾਲ ਪਿਓ ਦੇ ਮਰਨ ਵਾਲ਼ੀ ਗੱਲ ਵੀ ਕੁੜੀ ਨੂੰ ਨਾ ਦੱਸੀ।ਉਹ ਸੋਚ ਰਿਹਾ ਸੀ ਕਿ ਜਦ ਉਹ ਬਹੁਤ ਚੰਗੇ ਘਰ ਦੀ ਕੁੜੀ ਮਾਪਿਆਂ ਨੇ ਕਾਲਜ ਪੜ੍ਹਨ ਲਾਈ ਸੀ। ਉਹਨਾਂ ਨੇ ਕਾਲਜ ਦੀ ਬੱਸ ਵਿੱਚ ਕੁੜੀ ਦੇ ਕਾਲਜ ਤੋਂ ਆਉਣ ਜਾਣ ਦਾ ਪ੍ਰਬੰਧ ਕੀਤਾ ਸੀ। ਤਿੰਨ ਮਹੀਨਿਆਂ ਵਿੱਚ ਹੀ ਕੁੜੀ ਦਾ ਬੱਸ ਦੇ ਕੰਡਕਟਰ ਭਈਏ ਨਾਲ ਪਿਆਰ ਹੋ ਗਿਆ ਸੀ ਤੇ ਉਹ ਘਰੋਂ ਕੀਮਤੀ ਸਮਾਨ, ਗਹਿਣੇ ਤੇ ਪੈਸੇ ਲੈ ਕੇ ਭੱਜ ਗਈ ਸੀ। ਮਾਪਿਆਂ ਨੇ ਸ਼ਰਮ ਦੇ ਮਾਰਿਆਂ ਲੋਕਾਂ ਨੂੰ ਆਖਿਆ ਕਿ ਕੁੜੀ ਨਾਨਕੇ ਗਈ ਸੀ,ਉੱਥੇ ਰਿਸ਼ਤੇਦਾਰੀ ਵਿੱਚੋਂ ਮੁੰਡਾ ਬਾਹਰੋਂ ਆਇਆ ਸੀ , ਚੁੰਨੀ ਚੜ੍ਹਾ ਕੇ ਵਿਆਹ ਕੇ ਲੈ ਗਿਆ। ਪਰ ਗੱਲਾਂ ਤਾਂ ਨਾ਼ਲ ਦੇ ਪਿੰਡਾਂ ਵਿੱਚ ਵੀ ਹੋ ਰਹੀਆਂ ਸਨ।ਮਾਪੇ ਸ਼ਰਮ ਦੇ ਮਾਰੇ ਹੋਰ ਕਹਿੰਦੇ ਵੀ ਕੀ....। ਸੋਚਦਾ ਸੋਚਦਾ ਹਰਦੇਵ ਘਰ ਆ ਗਿਆ। ਆਪਣੇ ਸੀਨੇ ਵਿੱਚ ਉਸ ਨੇ ਇੱਕ ਰਾਜ਼ ਹੋਰ ਦਫ਼ਨ ਕਰ ਲਿਆ ਸੀ।



ਬਰਜਿੰਦਰ ਕੌਰ ਬਿਸਰਾਓ...
9988901324

# ਪ੍ਰੈਸ ਦੀ ਆਜ਼ਾਦੀ ‘ਤੇ ਹਮਲੇ ਦੇ ਖਿਲਾਫ਼ ਸਾਂਝਾ ਇਕੱਠ, ਅਗਲੇ ਸੰਘਰਸ਼ ਦਾ ਐਲਾਨ













**ਬਠਿੰਡਾ, 02 ਅਪ੍ਰੈਲ ( ਬਲਦੇਵ ਸਿੰਘ ਜਨੂਹਾ )** ਲੋਕ ਆਵਾਜ਼ ਟੀਵੀ ਦੇ ਪੱਤਰਕਾਰ ਮਨਿੰਦਰਜੀਤ ਸਿੱਧੂ ਦੇ ਫੇਸਬੁੱਕ ਪੇਜ (ਜਿਸ ਦੇ 3 ਲੱਖ 9 ਹਜ਼ਾਰ ਤੋਂ ਵੱਧ ਫੋਲੋਅਰ ਸਨ) ਨੂੰ ਭਾਰਤ ਵਿੱਚ ਬੈਨ ਕਰਵਾਉਣ ਦੇ ਮਾਮਲੇ ਖਿਲਾਫ਼ ਅੱਜ ਟੀਚਰਸ ਹੋਮ, ਬਠਿੰਡਾ ਵਿਖੇ “ਪ੍ਰੈਸ ਦੀ ਆਜ਼ਾਦੀ ਬਹਾਲ ਕਰੋ ਸੰਘਰਸ਼ ਕਮੇਟੀ” ਦੇ ਸੱਦੇ ‘ਤੇ ਪੱਤਰਕਾਰਾਂ, ਕਿਸਾਨ, ਮਜ਼ਦੂਰ, ਵਿਦਿਆਰਥੀ ਅਤੇ ਹੋਰ ਜਨਤਕ ਜਥੇਬੰਦੀਆਂ ਦਾ ਵੱਡਾ ਸਾਂਝਾ ਇਕੱਠ ਕੀਤਾ ਗਿਆ।

ਪਹਿਲਾਂ ਤੈਅ ਪ੍ਰੋਗਰਾਮ ਅਨੁਸਾਰ ਸਮੂਹ ਜਥੇਬੰਦੀਆਂ ਅਤੇ ਪੱਤਰਕਾਰਾਂ ਵੱਲੋਂ ਡੀਆਈਜੀ ਦਫਤਰ ਬਠਿੰਡਾ ਪਹੁੰਚ ਕੇ ਮੰਗ ਪੱਤਰ ਦੇਣ ਦੀ ਕੋਸ਼ਿਸ਼ ਕੀਤੀ ਗਈ, ਪਰ ਪਹਿਲਾਂ ਤੋਂ ਜਾਣਕਾਰੀ ਹੋਣ ਦੇ ਬਾਵਜੂਦ ਡੀਆਈਜੀ ਦਫਤਰ ਵਿੱਚ ਕੋਈ ਵੀ ਜ਼ਿੰਮੇਵਾਰ ਅਧਿਕਾਰੀ ਮੌਜੂਦ ਨਾ ਮਿਲਿਆ ਅਤੇ ਨਾ ਹੀ ਕਿਸੇ ਨੇ ਮੰਗ ਪੱਤਰ ਪ੍ਰਾਪਤ ਕੀਤਾ। ਇਸ ਗੱਲ ‘ਤੇ ਗੁੱਸੇ ਵਿੱਚ ਆਈਆਂ ਜਥੇਬੰਦੀਆਂ ਵੱਲੋਂ ਡੀਆਈਜੀ ਦਫਤਰ ਦੇ ਬਾਹਰ ਜ਼ੋਰਦਾਰ ਨਾਰੇਬਾਜ਼ੀ ਕੀਤੀ ਗਈ।

ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੋਸ਼ ਲਗਾਇਆ ਕਿ ਇਹ ਕਾਰਵਾਈ ਸਰਕਾਰ ਦੇ ਇਸ਼ਾਰੇ ‘ਤੇ ਕੀਤੀ ਗਈ ਹੈ ਅਤੇ ਪ੍ਰਸ਼ਾਸਨ ਵੱਲੋਂ ਸੱਚੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਮਨਿੰਦਰਜੀਤ ਸਿੱਧੂ ਨੇ ਸਿਰਫ਼ ਲੋਕਾਂ ਦੀ ਆਵਾਜ਼ ਅਤੇ ਜ਼ਮੀਨੀ ਹਕੀਕਤ ਨੂੰ ਕਵਰ ਕੀਤਾ ਸੀ, ਜਿਸ ਕਰਕੇ ਉਨ੍ਹਾਂ ਦੇ ਪੇਜ ‘ਤੇ ਕਾਰਵਾਈ ਕੀਤੀ ਗਈ।

ਆਗੂਆਂ ਨੇ ਇਹ ਵੀ ਦੱਸਿਆ ਕਿ ਬਠਿੰਡਾ ਜਿਲ੍ਹੇ ਦੇ ਪਿੰਡ ਜਿਉਂਦ ਵਿੱਚ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਲੋਕਾਂ ‘ਤੇ ਜ਼ਬਰਦਸਤੀ, ਹਿੰਸਾ ਅਤੇ ਘਰਾਂ ‘ਤੇ ਹਮਲੇ ਹੋਣ ਦੇ ਦੋਸ਼ ਹਨ, ਜਿਸ ਦੀ ਰਿਪੋਰਟਿੰਗ ਕਰਨ ਕਰਕੇ ਪੱਤਰਕਾਰ ਨੂੰ ਨਿਸ਼ਾਨਾ ਬਣਾਇਆ ਗਿਆ।

ਇਕੱਠ ਵਿੱਚ ਸ਼ਾਮਲ ਜਥੇਬੰਦੀਆਂ ਨੇ ਕਿਹਾ ਕਿ ਸਰਕਾਰ ਅਤੇ ਪੁਲਿਸ ਵੱਲੋਂ ਲਗਾਤਾਰ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਬੋਲਣ ਦੀ ਆਜ਼ਾਦੀ ‘ਤੇ ਹਮਲੇ ਹੋ ਰਹੇ ਹਨ, ਜੋ ਲੋਕਤੰਤਰ ਲਈ ਗੰਭੀਰ ਖਤਰਾ ਹੈ।

ਅੰਤ ਵਿੱਚ ਜਥੇਬੰਦੀਆਂ ਵੱਲੋਂ ਅਗਲੇ ਸੰਘਰਸ਼ ਦਾ ਐਲਾਨ ਕਰਦਿਆਂ ਕਿਹਾ ਗਿਆ ਕਿ 12ਅਪ੍ਰੈਲ ਨੂੰ ਸਵੇਰੇ 11 ਵਜੇ ਟੀਚਰਸ ਹੋਮ, ਬਠਿੰਡਾ ਵਿਖੇ ਵੱਡੀ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਅਗਲੇ ਸੰਘਰਸ਼ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਇਕੱਠ ਵਿੱਚ ਸ਼ਾਮਲ ਜਥੇਬੰਦੀਆਂ ਵਿੱਚ ਸ਼ਾਮਲ ਹਨ: ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ, ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ, ਬਠਿੰਡਾ ਪ੍ਰੈੱਸ ਕਲੱਬ, ਕਿਰਤੀ ਕਿਸਾਨ ਯੂਨੀਅਨ, ਲੋਕ ਮੋਰਚਾ ਪੰਜਾਬ, ਟੀਐਸਯੂ ਭੰਗਲ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਜਲ ਸਪਲਾਈ ਅਤੇ ਸੈਨੀਟੇਸ਼ਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ, ਲੋਕ ਅਧਿਕਾਰ, ਬੇਰੁਜ਼ਗਾਰ ਸਾਂਝਾ ਮੋਰਚਾ, ਪੰਜਾਬ ਸਟੂਡੈਂਟਸ ਯੂਨੀਅਨ ਲਲਕਾਰ, ਜਮਹੂਰੀ ਕਿਸਾਨ ਸਭਾ, ਅਮਰ ਉਜਾਲਾ, ਪੰਜਾਬ ਸਟੂਡੈਂਟਸ ਯੂਨੀਅਨ, ਪੈਰਾ ਮੈਡੀਕਲ ਸਿਹਤ ਕਾਮੇ ਯੂਨੀਅਨ, ਪੀਐਸਐਸਐਫ, ਆਊਟਸੋਰਸ ਹੈਲਥ ਵਰਕਰ ਯੂਨੀਅਨ, ਆਊਟਸੋਰਸ ਸਿਹਤ ਮੁਲਾਜ਼ਮ ਯੂਨੀਅਨ ਪੰਜਾਬ, ਨੌਜਵਾਨ ਭਾਰਤ ਸਭਾ, ਮਜ਼ਦੂਰ ਮੁਕਤੀ ਮੋਰਚਾ (ਲਿਬਰੇਸ਼ਨ), ਪੰਜਾਬ ਲੋਕ ਸੱਭਿਆਚਾਰ ਮੰਚ, ਪੰਜਾਬ ਪੈਨਸ਼ਨਰ ਐਸੋਸੀਏਸ਼ਨ, ਡੈਮੋਕਰੇਟਿਕ ਮੁਲਾਜ਼ਮ ਫਰੰਟ, ਜ਼ਿਲ੍ਹਾ ਮੀਡੀਆ ਕਲੱਬ ਸੰਗਰੂਰ ਆਦਿ।

## ਕਦੇ ਸੋਚਿਆ ਏ

ਅਸੀਂ ਆਪਣੇ ਲਈ ਜਿਉਂਦੇ ਹੀ ਨਹੀਂ , ਸਿਰਫ਼ ਦੂਜਿਆਂ ਨੂੰ ਖੁਸ਼ ਕਰਨ ਦੇ ਵਿੱਚ ਆਪਣਾ ਜੀਵਨ ਘੜੀਆਂ ਬਤੀਤ ਕਰ ਦਿੰਦੇ ਹਾਂ ਜੋ ਵਾਪਸ ਨਹੀਂ ਆਉਂਦੀਆਂ ,ਸਮਾਂ ਕਦੇ ਵਾਪਸ ਪਰਤ ਕੇ ਨਹੀਂ ਆਇਆ ਤੇ ਉਹਦਾ ਸਦਉਪਯੋਗ ਇਹ ਹੁੰਦਾ ਹੈ ਕਿ ਆਪਣੇ ਆਪ ਨੂੰ ਵੀ ਸਮਾਂ ਦਿੱਤਾ ਜਾਵੇ ਜਿਹੜਾ ਬੰਦਾ ਆਪਣੇ ਆਪ ਨੂੰ ਸਮਾਂ ਨਹੀਂ ਦੇ ਸਕਦਾ ਉਹਦੇ ਤੋਂ ਵੱਧ ਕੰਜੂਸ ਵੀ ਕੋਈ ਨਹੀਂ ਹੋ ਸਕਦਾ।



ਅੱਜ ਦਾ ਬੰਦਾ ਬਹੁਤ ਸਵਾਰਥੀ ਹੈ ,ਰਿਸ਼ਤੇ ਬਿਲਕੁਲ ਡਿਸਪੋਜ਼ੇਬਲ ਪਲੇਟਾਂ ਵਰਗੇ ਹੋ ਗਏ ਹਨ, ਵਰਤੋ ਤੇ ਸੁੱਟੋ ਸਬਕ ਉਦੋਂ ਆਉਂਦਾ ਹੈ ਜਦੋਂ ਸਾਨੂੰ ਜ਼ਰੂਰਤ ਪੈਂਦੀ ਹੈ ਤੇ ਉਹ ਬੰਦੇ ਕੰਮ ਨਹੀਂ ਆਉਂਦੇ, ਬੰਦੇ ਦੀ ਪਹਿਚਾਣ ਹੋਣੀ ਜ਼ਰੂਰੀ ਹੈ, ਜੋ ਸਿਰਫ਼ ਉਸ ਵੇਲੇ ਯਾਦ ਕਰੇ ਜਿਸ ਵੇਲੇ ਉਹਨੂੰ ਜ਼ਰੂਰਤ ਹੈ, ਉਹਦੇ ਤੋਂ ਪਿੱਛੇ ਹਟ ਜਾਣਾ ਚਾਹੀਦਾ ਹੈ ਤੇ ਆਪਣਾ ਸਮਾਂ ਗਵਾਉਣਾ ਨਹੀਂ ਚਾਹੀਦਾ।

**ਕੰਵਲਜੀਤ ਕੌਰ**

## ਵੈਦ ਦੀ ਕਲਮ ਤੋਂ

ਇਹ ਫੋਟੋ ਜਿਹੜੀ ਤੁਸੀਂ ਦੇਖ ਰਹੇ ਹੋ, ਇਹ ਚਰਾਇਤਾ ਹੈ। ਮੈਨੂੰ ਇਸ ਉੱਪਰ ਪੋਸਟ ਪਾਉਂਦੇ ਹੋਏ ਕੋਈ ਤਕਰੀਬਨ ਪੰਦਰਾਂ ਸਾਲ ਤੋਂ ਜਿਆਦਾ ਹੋ ਗਏ। ਇਹ ਬਹੁਤ ਜਿਆਦਾ ਗੁਣਕਾਰੀ ਹੈ। ਪਰ ਜਿਉਂ ਜਿਉਂ ਕੋਈ ਚੀਜ਼ ਲੋਕਾਂ ਵਿਚ ਪ੍ਰਚੱਲਿਤ ਹੁੰਦੀ ਹੈ। ਉਦੋਂ ਹੀ ਠੱਗ ਬਜਾਰ ਵਿੱਚ ਉੱਤਰਨ ਲਗਦੇ ਹਨ। ਅਬਰੋਡ, ਕੈਨੇਡਾ ਅਮਰੀਕਾ, ਵਗੈਰਾ ਇਹ ਚੀਜ਼ ਘੱਟ ਮਿਲਦੀ ਹੋਣ ਕਰਕੇ ਕਈ ਕੰਪਨੀਆਂ ਨੇ ਇਹਨੂੰ ਪਾਊਡਰ ਬਣਾ ਕੇ ਵੇਚਣਾ ਸ਼ੁਰੂ ਕੀਤਾ ਹੋਇਆ। ਜਦਕਿ ਉਹ ਪਾਊਡਰ ਅਸਲੀਅਤ ਦੇ ਬਿਲਕੁਲ ਵੀ ਨੇੜੇ ਨਹੀਂ। ਪਾਊਡਰ ਤੁਸੀਂ ਆਰਾਮ ਨਾਲ ਪੀ ਲਵੋਂਗੇ ਤੇ ਖੁਸ਼ ਹੋਵੋਂਗੇ ਕਿ ਅਸੀਂ ਚਰਾਈਟਾ ਪੀਤਾ ਹੈ। ਪਰ ਇਸਦੇ ਛੋਟੇ ਛੋਟੇ ਦੋ ਤਿੰਨ ਡੱਕੇ ਰਾਤ ਨੂੰ ਪਾਣੀ ਵਿਚ ਭਿਉਂ ਦਿਉਗੇ ਤਾਂ ਸਵੇਰੇ ਪੀਣਾ ਵੀ ਔਖਾ ਹੋ ਜਾਂਦਾ ਹੈ, ਜੇਕਰ ਅਸਲੀ ਹੋਵੇ। ਇਹ ਡੱਕੇ ਜਿਹੇ ਜੇਕਰ ਹਰੇ ਰੰਗ ਵਿਚ ਮਿਲਣ ਤਾਂ ਕਦੇ ਨਾ ਲਵੋ, ਕਿਉਂਕਿ ਉਹ ਅਸਲ ਨਹੀਂ ਹੈ। ਪਾਊਡਰ ਦਾ ਵੀ ਕੋਈ ਫਾਇਦਾ ਨਹੀਂ। ਮੈਂ ਪਿਛਲੀ ਵਾਰ ਜਦ ਕੈਨੇਡਾ ਆਇਆ ਸੀ, ਤਾਂ ਘੱਟ ਤੋਂ ਘੱਟ ਵੀਹ ਲੋਕਾਂ ਨੂੰ ਇਹ ਦਿੱਤਾ। ਹੁਣ ਵੀ ਮੈਥੋਂ ਕੋਈ ਵੀ ਮੰਗ ਸਕਦਾ ਹੈ। ਪਰ ਪਲੀਜ਼, ਮੰਗੇ ਉਹੀ ਜਿਹੜਾ ਇਹਦੀ ਵਰਤੋਂ ਕਰੇ। ਇਸਦੇ ਫ਼ਾਇਦੇ। ਖ਼ੂਨ ਪਤਲਾ ਕਰਨ ਦੇ ਨਾਲ, ਚਮੜੀ ਅਤੇ ਖ਼ੂਨ ਨੂੰ ਸਾਫ ਕਰਦਾ ਹੈ। ਸ਼ੂਗਰ ਦੇ ਮਰੀਜ਼ਾਂ ਲਈ ਬੇਹੱਦ ਲਾਹੇਵੰਦ ਹੈ। ਮਰਦਾਂ ਦੇ ਸਪਰਮ ਵਿਚ ਹੋਣ ਵਾਲੇ ਪਸ ਸੈੱਲਾਂ ਨੂੰ ਖਤਮ ਕਰਦਾ ਹੈ। ਇਸਨੂੰ ਗਰਭਵਤੀ ਔਰਤ ਵੀ ਪੀ ਸਕਦੀ ਹੈ। ਤਾਂ ਕਿ ਬੱਚੇ ਨੂੰ ਸਵਸਥ ਖੁਰਾਕ ਉਸਦੇ ਸਰੀਰ ਵਿੱਚੋਂ ਮਿਲੇ। ਬਾਕੀ ਜਿਹਨਾ ਲੋਕਾਂ ਨੇ ਇਹ ਪੀਤਾ ਹੈ, ਉਹ ਕੁਮੈਂਟਾਂ ਵਿਚ ਦੱਸ ਹੀ ਦੇਣਗੇ ਕਿ ਇਸਦੇ ਕਿੰਨੇ ਫਾਇਦੇ ਨੇ।



**ਤੁਹਾਡਾ ਆਪਣਾ**
**ਬਾਬਾ ਬਲੈਡਰ ਦਾਸ**
**ਵਿੰਨੀਪੈਗ ਵਾਲਾ।**
**+14312932265**

# ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਦੇ ਰੈੱਡ ਰਿਬਨ ਕਲੱਬ ਸੈਸ਼ਨ 2025-26 ਦਾ ਸਮਾਪਨ ਸਮਾਰੋਹ ਸ਼ਾਨਦਾਰ ਢੰਗ ਨਾਲ ਆਯੋਜਿਤ

**ਲੁਧਿਆਣਾ (ਹਰਜੋਤ ਸਿੰਘ)** ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ ਦੇ ਰੈਡ ਰਿਬਨ ਕਲੱਬ ਵੱਲੋਂ ਸੈਸ਼ਨ 2025-26 ਦਾ ਸਮਾਪਨ ਸਮਾਰੋਹ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਕਾਲਜ ਦੇ ਮਾਨਯੋਗ ਪ੍ਰਿੰਸੀਪਲ ਪ੍ਰੋ. (ਡਾ.) ਗੁਰਸ਼ਰਨਜੀਤ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਸੰਪੰਨ ਹੋਇਆ। ਕਾਰਜਕ੍ਰਮ ਦੀ ਸ਼ੁਰੂਆਤ ਪ੍ਰਿੰਸੀਪਲ ਸਾਹਿਬ ਦੇ ਆਗਮਨ ਨਾਲ ਹੋਈ, ਜਿਨ੍ਹਾਂ ਦਾ ਸਵਾਗਤ ਪੌਦੇ ਭੇਂਟ ਕਰਕੇ ਕੀਤਾ ਗਿਆ। ਇਸ ਉਪਰੰਤ ਇਨਾਮ ਵੰਡ ਸਮਾਰੋਹ ਦੌਰਾਨ ਰੈਡ ਰਿਬਨ ਕਲੱਬ ਦੀ ਕੌਂਸਲ ਦੇ ਉਹਨਾਂ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਸਾਲ ਭਰ ਦੌਰਾਨ ਸਮਰਪਣ ਅਤੇ ਨਿਸ਼ਠਾ ਨਾਲ ਗਤੀਵਿਧੀਆਂ ਨੂੰ ਸਫਲ ਬਣਾਇਆ। ਇਸ ਮੌਕੇ ਹਰਪ੍ਰੀਤ ਸਿੰਘ ਹੰਸ ਨੂੰ ਪ੍ਰਧਾਨ, ਆਰਤੀ ਨੂੰ ਉਪ-ਪ੍ਰਧਾਨ, ਹਰਜੋਤ ਸਿੰਘ ਅਤੇ ਜਸ਼ਨਜੀਤ ਸਿੰਘ ਨੂੰ ਇਵੈਂਟ ਕੋਆਰਡੀਨੇਟਰ, ਰਾਜਨਪ੍ਰੀਤ ਸਿੰਘ ਬੈਂਸ ਨੂੰ ਟੈਕਨੀਕਲ ਹੈਡ ਅਤੇ ਪ੍ਰਥਮ ਤੇ ਵੰਦਨਾ ਨੂੰ ਕ੍ਰੀਏਟਿਵ ਹੈਡ ਵਜੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵਿਵੇਕ ਅਤੇ ਆਯੂਸ਼ੀ ਨੂੰ ਕਾਰਜਕਾਰੀ ਮੈਂਬਰ ਵਜੋਂ ਵੀ ਸਨਮਾਨਿਤ ਕੀਤਾ ਗਿਆ। ਸਾਰੇ ਵਲੰਟੀਅਰਾਂ ਨੂੰ ਪ੍ਰਮਾਣ ਪੱਤਰ ਭੇਂਟ ਕੀਤੇ ਗਏ। ਇਸ ਸਮਾਰੋਹ





ਦੌਰਾਨ ਜਸ਼ਨਜੀਤ ਸਿੰਘ ਨੂੰ "ਬੈਸਟ ਵਲੰਟੀਅਰ" ਦੇ ਖਿਤਾਬ ਨਾਲ ਨਿਵਾਜਿਆ ਗਿਆ, ਜੋ ਕਿ ਉਨ੍ਹਾਂ ਦੀ ਲਗਨ ਅਤੇ ਸ਼ਾਨਦਾਰ ਸੇਵਾਵਾਂ ਦਾ ਪ੍ਰਤੀਕ ਹੈ। ਸਮਾਰੋਹ ਦੌਰਾਨ ਪ੍ਰਿੰਸੀਪਲ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੈਡ ਰਿਬਨ ਕਲੱਬ ਨਾ ਕੇਵਲ ਕਾਲਜ ਅੰਦਰ, ਸਗੋਂ ਸਮਾਜ ਵਿੱਚ ਵੀ ਆਪਣਾ ਅਹਿਮ ਯੋਗਦਾਨ ਪਾ ਰਿਹਾ ਹੈ। ਕਲੱਬ ਦੇ ਵਲੰਟੀਅਰ ਕਾਲਜ ਦੀ ਮਜ਼ਬੂਤ ਨੀਂਹ ਵਾਂਗ ਕੰਮ ਕਰਦੇ ਹੋਏ ਸੇਵਾ, ਅਨੁਸ਼ਾਸਨ ਅਤੇ ਜਾਗਰੂਕਤਾ ਦੀ ਪ੍ਰੇਰਣਾਦਾਇਕ ਉਦਾਹਰਨ ਪੇਸ਼ ਕਰ ਰਹੇ ਹਨ। ਵਲੰਟੀਅਰਾਂ ਵੱਲੋਂ ਏਡਜ਼ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੰਬੰਧੀ ਪ੍ਰਭਾਵਸ਼ਾਲੀ ਭਾਸ਼ਣ ਵੀ ਪੇਸ਼ ਕੀਤੇ ਗਏ। ਇਸ ਮੌਕੇ ਜਸ਼ਨਜੀਤ ਸਿੰਘ (ਇਵੈਂਟ ਕੋਆਰਡੀਨੇਟਰ) ਵੱਲੋਂ ਰੈਡ ਰਿਬਨ ਕਲੱਬ ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਗਈ, ਜਿਸ ਵਿੱਚ ਸਾਲ ਭਰ ਦੀਆਂ ਮੁੱਖ ਗਤੀਵਿਧੀਆਂ ਦਾ ਵੇਰਵਾ ਦਿੱਤਾ ਗਿਆ। ਅੰਤ ਵਿੱਚ ਰੈਡ ਰਿਬਨ ਕਲੱਬ ਦੀ ਕਨਵੀਨਰ ਡਾ. ਰੀਨਾ ਵੱਲੋਂ ਧੰਨਵਾਦ ਪ੍ਰਸਤਾਵ ਪੇਸ਼ ਕਰਦੇ ਹੋਏ ਕਾਲਜ ਪ੍ਰਸ਼ਾਸਨ, ਕੌਂਸਲ ਮੈਂਬਰਾਂ ਅਤੇ ਵਲੰਟੀਅਰਾਂ ਦੇ ਯੋਗਦਾਨ ਦੀ ਸਰਾਹਨਾ ਕੀਤੀ ਗਈ। ਸਮਾਰੋਹ ਦੇ ਸਮਾਪਨ ਉਪਰੰਤ ਉਨ੍ਹਾਂ ਨੇ ਰੈਡ ਰਿਬਨ ਕਲੱਬ ਦੇ ਸੈਸ਼ਨ 2025-26 ਦੇ ਰਸਮੀ ਸਮਾਪਨ ਦਾ ਐਲਾਨ ਕੀਤਾ। ਇਸ ਮੌਕੇ ਤੇ ਪ੍ਰੋ. ਨਰਪਿੰਦਰ ਸਿੰਘ, ਪ੍ਰੋ. ਪੂਨਮ ਅਤੇ ਪ੍ਰੋ. ਗੁਰਜੰਟ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਹ ਸਮਾਰੋਹ ਵਿਦਿਆਰਥੀਆਂ ਵਿੱਚ ਸਮਾਜਿਕ ਜਾਗਰੂਕਤਾ ਅਤੇ ਸੇਵਾ ਭਾਵਨਾ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

# ਫੂਲਕਾ ਦੀ 1984 ਦੇ ਪੀੜਤਾਂ ਲਈ ਲੜੀ ਲੜਾਈ ਸੇਵਾ ਜਾਂ ਛਲਾਵਾ

ਪ੍ਰਸਿੱਧ ਵਕੀਲ ਐੱਚ ਐੱਸ ਫੂਲਕਾ ਦਾ ਨਾਮ 40 ਸਾਲ ਤੋਂ ਵੱਧ ਸਮੇਂ ਤੱਕ ਇਨਸਾਫ ਦੀ ਲੜਾਈ ਨਾਲ ਜੁੜਿਆ ਰਿਹਾ ਹੈ । ਖ਼ਾਸ ਕਰਕੇ 1984 ਸਿੱਖ ਕਤਲੇਆਮ ਦੇ ਪੀੜਤਾਂ ਲਈ ਉਹਨਾਂ ਵੱਲੋਂ ਲੜੀ ਗਈ ਕਾਨੂੰਨੀ ਜੰਗ ਨੇ ਉਹਨਾਂ ਨੂੰ ਸਿੱਖ ਕੌਮ ਵਿੱਚ ਇੱਕ ਇਮਾਨਦਾਰ ਅਤੇ ਨਿਡਰ ਸ਼ਖ਼ਸੀਅਤ ਵਜੋਂ ਸਥਾਪਿਤ ਕੀਤਾ । ਬਹੁਤ ਸਾਰੇ ਲੋਕ ਉਹਨਾਂ ਨੂੰ ਇੱਕ ਅਜਿਹੇ ਵਕੀਲ ਵਜੋਂ ਦੇਖਦੇ ਰਹੇ ਜੋ ਸਿਰਫ਼ ਕੇਸ ਨਹੀਂ ਲੜਦਾ ਸੀ , ਸਗੋਂ ਇਨਸਾਫ ਲਈ ਆਪਣੀ ਜ਼ਿੰਦਗੀ ਸਮਰਪਿਤ ਕਰ ਬੈਠਾ ਸੀ । ਹੁਣ ਤੱਕ ਇਹੀ ਸਮਝਿਆ ਗਿਐ ਕਿ ਆਮ ਆਦਮੀ ਪਾਰਟੀ ਨਾਲ ਜੁੜਨ ਤੋਂ ਬਾਅਦ ਵੀ ਉਹਨਾਂ ਨੇ ਆਪਣੇ ਸਿਧਾਂਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ । ਉਹ ਖੁੱਲ੍ਹ ਕੇ ਕਾਂਗਰਸ ਪਾਰਟੀ ਨੂੰ 1984 ਦੇ ਦੰਗਿਆਂ ਲਈ ਜ਼ਿੰਮੇਵਾਰ ਠਹਿਰਾਉਂਦੇ ਰਹੇ ਅਤੇ ਨਾਲ ਹੀ ਭਾਰਤੀ ਜਨਤਾ ਪਾਰਟੀ ਦੀ ਸਿੱਖ ਮਸਲਿਆਂ ਪ੍ਰਤੀ ਨੀਤੀ ਉੱਤੇ ਵੀ ਸਵਾਲ ਉਠਾਉਂਦੇ ਰਹੇ । ਇਹੀ ਕਾਰਨ ਸੀ ਕਿ ਉਹਨਾਂ ਦੀ ਛਵੀ ਇੱਕ ਨਿਰਪੱਖ ਅਤੇ ਸੱਚ ਬੋਲਣ ਵਾਲੇ ਇਨਸਾਨ ਵਜੋਂ ਬਣੀ ਰਹੀ ।

ਪਰ ਹਾਲ ਹੀ ਵਿੱਚ ਉਹਨਾਂ ਦਾ ਭਾਜਪਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਬਹੁਤੇ ਲੋਕਾਂ ਲਈ ਹੈਰਾਨੀ ਅਤੇ ਨਿਰਾਸ਼ਾ ਦਾ ਕਾਰਨ ਬਣਿਆ ਹੈ । ਖ਼ਾਸ ਕਰਕੇ ਪੰਜਾਬੀ ਸਮਾਜ ਅਤੇ ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਵੱਲੋਂ ਇਸ ਫੈਸਲੇ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਜਾ ਰਹੀ ਹੈ । ਲੋਕਾਂ ਦਾ ਮੰਨਣਾ ਹੈ ਕਿ ਜਿਹੜਾ ਵਿਅਕਤੀ ਕਦੇ ਭਾਜਪਾ ਦੀਆਂ ਨੀਤੀਆਂ ਨੂੰ ਸਿੱਖ ਵਿਰੋਧੀ ਕਹਿੰਦਾ ਸੀ ਅੱਜ ਉਸੇ ਪਾਰਟੀ ਵਿੱਚ ਜਾਣਾ ਅਨੇਕ ਸਵਾਲਾਂ ਨੂੰ ਜਨਮ ਦਿੰਦਾ ਹੈ ।ਕੁਝ ਲੋਕ ਇਸਨੂੰ ਸਿਆਸੀ ਮਜ਼ਬੂਰੀ ਜਾਂ ਸਮੇਂ ਦੇ ਨਾਲ ਆਏ ਬਦਲਾਅ ਵਜੋਂ ਵੇਖ ਰਹੇ ਹਨ, ਪਰ ਬਹੁਤੇ ਲੋਕ ਇਸਨੂੰ ਸਿਧਾਂਤਾਂ ਤੋਂ ਹਟਣਾ ਮੰਨਦੇ ਹਨ। ਇਹ ਵੀ ਸੱਚ ਹੈ ਕਿ ਸਿਆਸਤ ਵਿੱਚ ਫੈਸਲੇ ਅਕਸਰ ਜਟਿਲ ਹੁੰਦੇ ਹਨ ਅਤੇ ਹਰ ਕਦਮ ਦੇ ਪਿੱਛੇ ਕਈ ਕਾਰਨ ਹੁੰਦੇ ਹਨ ਜੋ ਹਮੇਸ਼ਾ ਜਨਤਕ ਨਹੀਂ ਹੁੰਦੇ। ਫਿਰ ਵੀ, ਐੱਚ ਐੱਸ ਫੂਲਕਾ ਦੀ ਪਿਛਲੀ ਸੇਵਾ ਅਤੇ 1984 ਦੇ ਪੀੜਤਾਂ ਲਈ ਕੀਤੀ ਲੜਾਈ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ।

ਸਮਾਂ ਹੀ ਦੱਸੇਗਾ ਕਿ ਉਹਨਾਂ ਦਾ ਇਹ ਨਵਾਂ ਸਿਆਸੀ ਕਦਮ ਉਹਨਾਂ ਦੀ ਛਵੀ ਨੂੰ ਮਜ਼ਬੂਤ ਕਰਦਾ ਹੈ ਜਾਂ ਕਮਜ਼ੋਰ ਕਰਦਾ ਹੈ । ਪਰ ਇਸ ਵੇਲੇ ਲਈ ਇਹ ਫੈਸਲਾ ਪੰਜਾਬੀ ਸਮਾਜ ਵਿੱਚ ਇੱਕ ਵੱਡੀ ਚਰਚਾ ਅਤੇ ਵਿਚਾਰ-ਵਟਾਂਦਰੇ ਦਾ ਵਿਸ਼ਾ ਬਣ ਚੁੱਕਾ ਹੈ । ਬਹੁਤੇ ਪੰਜ਼ਾਬੀ ਬਾਰੇ ਸੋਸ਼ਲ ਮੀਡੀਆ ਤੇ ਅਨੇਕ ਤਰਾਂ ਦੇ ਸਵਾਲ ਚੁੱਕ ਰਹੇ ਹਨ ਕਿ ਫੂਲਕਾ ਦੀ 1984 ਦੇ ਪੀੜਤਾਂ ਲਈ ਲੜੀ ਲੜਾਈ ਸੇਵਾ ਸੀ ਜਾਂ ਛਲਾਵਾ ਸੀ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ, 98148 24215। .**

# (ਕੀ ਫਾਇਦਾ?)

ਕੀ ਫਾਇਦਾ ਜੇ ਲਾਉਣੀਆਂ ਵੀ ਨੇ ਤੇ ਨਿਭਾਉਣੀਆਂ ਵੀ ਨ੍ਹੀਂ।ਧ੍ਰਿਗ ਐਸੀ ਜ਼ਿੰਦਗੀ ਦਾ, ਸਾਂਝਾ ਕਿਸੇ ਨਾਲ ਪਾਉਣੀਆਂ ਵੀ ਨ੍ਹੀਂ। ਤਮਾਸ਼ਾ ਦਿਖਾਉਣਾ ਦੁਨੀਆਂ ਨੂੰ, ਕਰਤੂਤਾਂ ਆਪਣੀਆਂ ਛੁਪਾਉਣੀਆਂ ਨੇ। ਕੰਮ ਕਿਸੇ ਦੇ ਆਉਣਾ ਨ੍ਹੀਂ, ਦੁੱਖਦੀਆਂ ਰਗਾਂ ਦੁਖਾਉਣੀਆਂ ਨੇ। ਬੰਦਿਆ ਕੀ ਫਾਇਦਾ, ਇਸ ਦੁਨੀਆਂ ਤੇ ਤੇਰੇ ਆਉਣ ਦਾ ?

ਧੋਖਾਧੜੀ ਦਾ ਆਲਮ ਛਾਇਆ ਰਹਿੰਦਾ,ਧੋਖਾ ਦੇਕੇ ਮਾਲ ਕਮਾਇਆ ਹੁੰਦਾ। ਧਰਮਾਂ ਦੇ ਨਾਂਅ ਤੇ ਵੰਡੀਆਂ ਪਾਕੇ, ਤਾਂਡਵ ਨਾਚ ਨਚਾਇਆ ਹੁੰਦਾ। ਅਪਣੇ ਵੋਟ ਰਾਜ ਦਾ ਜਲਵਾ ਦਿਖਾਉਣ ਲਈ,ਜਨਤਕ ਫੰਡ ਦਾਅ ਤੇ ਲਾਇਆ ਹੁੰਦਾ। ਵਿਰੋਧੀ ਨੂੰ ਆਨੀਂ-ਬਹਾਨੀਂ ਖੁੱਡੇ-ਲਾਈਨ ਲਾਇਆ ਹੁੰਦਾ। ਬੰਦਿਆ ਕੀ ਫਾਇਦਾ ਤੇਰਾ ਇਸ ਜਹਾਨ ਤੇ ਆਉਣ ਦਾ ?

ਘਰ ਦੀ ਚਾਰ-ਦਵਾਰੀ ਅੰਦਰ ਸੀਮਤ ਹੋਇਆ, ਆਪਣਿਆਂ ਨਾਲੋਂ ਨਾਤੇ ਤੋੜ ਲਏ। ਮੋਬਾਈਲ ਫੋਨ ਹੀ ਬਣ ਗਏ ਜ਼ਿੰਦਗੀ, ਤਕਨੌਲੌਜੀ ਨਾਲ ਰਿਸ਼ਤੇ ਜੋੜ ਲਏ। ਕਦੇ ਘਰ ਤੋਂ ਬਾਹਰ ਵੀ ਨਿਕਲਿਆ ਕਰੋ ਸਾਂਝਾਂ ਬਣਾਉਣ ਵਾਸਤੇ, ਕਿੰਨਾ ਆਨੰਦ ਆਉਂਦਾ ਹੈ ਹੈਲੋ ਹੈਲੋ, ਸਤਿ ਸ੍ਰੀ ਅਕਾਲ, ਰਾਮ ਰਾਮ, ਕਰਕੇ। ਕੀ ਫਾਇਦਾ ਆਪਣੇ ਆਪ ਨੂੰ ਬਦਨਾਮ ਕਰਕੇ ?

ਅਪਣੀਆਂ ਇਛਾਵਾਂ ਐਰੇ ਗੈਰੇ ਬੰਦੇ ਸਾਹਮਣੇ ਨਾ ਰੱਖੋ,ਰੱਖੋ





ਰੱਬ ਅੱਗੇ, ਜੋ ਦੁੱਖ ਵੀ ਦੂਰ ਕਰੇ, ਲਿਖੇ ਵੀ ਤੁਹਾਡੀ ਤਕਦੀਰ। ਸਹਿਜ ਨਾਲ ਬਣੇ ਭੋਜਨ ਛਕੋ, ਹੋਵੇ ਨਾ ਕੋਈ ਤਕਲੀਫ। "ਸਹਿਜ ਪੱਕੇ ਸੋ ਮੀਠਾ ਹੋਇ"ਮਹਾਂਵਾਕ ਬਣਾਵੇ ਸਾਫ ਨੀਤ। ਹੌਲੀ ਹੌਲੀ ਪੱਕੇ ਫਲ-ਫਰੂਟ ਹੁੰਦੇ ਮਿੱਠੇ, ਹਾਜ਼ਮਾ ਰੱਖਦੇ ਠੀਕ।

ਕੀ ਫਾਇਦਾ ਅਲਮ-ਗਲਮ ਖਾਣ ਦਾ ?



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ# 639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਨਾ... ਉਹ ਗੱਲ ਨੀ ਬਣੀ

ਸਾਡੇ ਸਮਾਜ ਵਿੱਚ ਇੱਕ ਅਜੀਬ ਜਿਹੀ ਬਿਮਾਰੀ ਨੇ ਜੜ੍ਹਾਂ ਫੜ ਲਈਆਂ ਹਨ, ਜਿਸ ਦਾ ਇਲਾਜ ਨਾ ਤਾਂ ਕਿਸੇ ਹਕੀਮ ਕੋਲ ਹੈ ਅਤੇ ਨਾ ਹੀ ਕਿਸੇ ਬੈਂਕ ਦੇ ਵੱਡੇ ਲੋਨ ਕੋਲ। ਇਹ ਬਿਮਾਰੀ ਹੈ 'ਦੂਜੇ ਨੂੰ ਨੀਵਾਂ ਦਿਖਾਉਣ ਦੀ ਭੁੱਖ'। ਜਦੋਂ ਕੋਈ ਪੰਜਾਬੀ ਆਪਣੇ ਪੁੱਤ ਜਾਂ ਧੀ ਦਾ ਵਿਆਹ ਧਰਦਾ ਹੈ, ਤਾਂ ਉਸਦਾ ਕਈ ਵਾਰ ਉਸਦਾ ਮਕਸਦ 'ਸ਼ਗਨ' ਮਨਾਉਣਾ ਨਹੀਂ, ਬਲਕਿ ਸ਼ਰੀਕੇ ਦੀ 'ਹਿੱਕ 'ਤੇ ਮੂੰਗ ਦਲਣਾ' ਹੁੰਦਾ ਹੈ। ਜ਼ਮੀਨਾਂ ਗਹਿਣੇ ਰੱਖ ਕੇ, ਆੜ੍ਹਤੀਏ ਤੋਂ ਮੋਟੇ ਵਿਆਜ 'ਤੇ ਪੈਸੇ ਚੁੱਕ ਕੇ ਅਤੇ ਜੀਵਨ ਭਰ ਦੀ ਜਮ੍ਹਾਂ-ਪੂੰਜੀ ਨੂੰ ਇੱਕੋ ਦਿਨ 'ਪੈਲੇਸ' ਦੇ ਵਿਹੜੇ ਵਿੱਚ ਖਿਲਾਰ ਕੇ ਉਹ ਸੋਚਦਾ ਹੈ ਕਿ ਸ਼ਾਇਦ ਹੁਣ ਦੁਨੀਆ ਉਸਦੇ ਗੁਣ ਗਾਵੇਗੀ।

ਪਰ ਅਸਲੀਅਤ ਬੜੀ ਕਰਾਰੀ ਤੇ ਵਿਅੰਗਮਈ ਹੁੰਦੀ ਹੈ। ਜਿਨ੍ਹਾਂ 'ਖਾਸ' ਮਹਿਮਾਨਾਂ ਲਈ ਪਨੀਰ, ਮਹਿੰਗੀਆਂ ਸ਼ਰਾਬਾਂ ਅਤੇ ਦਰਜਨਾਂ ਤਰ੍ਹਾਂ ਦੇ ਸਲਾਦ ਸਜਾਏ ਹੁੰਦੇ ਹਨ, ਉਹ ਪਲੇਟਾਂ ਵਿੱਚ ਪਹਾੜ ਜਿੰਨਾ ਖਾਣਾ ਜੂਠਾ ਛੱਡਦੇ ਹੋਏ ਬਾਹਰ ਨਿਕਲਦੇ ਹੀ ਇੱਕ ਲੰਬਾ ਡਕਾਰ ਮਾਰਦੇ ਹਨ ਅਤੇ ਮੂੰਹ ਟੇਢਾ ਕਰਕੇ ਕਹਿੰਦੇ ਹਨ,

"ਯਾਰ, ਸਭ ਕੁਝ ਤਾਂ ਠੀਕ ਸੀ, ਪਰ ਉਹ ਗੱਲ ਨੀ ਬਣੀ ਜੋ ਫਲਾਣੇ ਦੇ ਵਿਆਹ 'ਚ ਸੀ।" ਇਹ ਵਾਕ ਉਸ ਬਾਪ ਦੀ ਪਿੱਠ ਵਿੱਚ ਛੁਰੇ ਵਾਂਗ ਵੱਜਦਾ ਹੈ ਜਿਸਨੇ ਉਸ 'ਗੱਲ' ਨੂੰ ਬਣਾਉਣ ਲਈ ਆਪਣੀ ਅਗਲੀ ਨਸਲ ਦੀ ਜ਼ਮੀਨ ਤੱਕ ਦਾਅ 'ਤੇ ਲਾ ਦਿੱਤੀ ਹੁੰਦੀ ਹੈ।

ਅਸੀਂ ਉਸ ਦੌਰ ਵਿੱਚ ਹਾਂ ਜਿੱਥੇ ਖੁਸ਼ੀ 'ਦਿਲ' ਨਾਲ ਨਹੀਂ, 'ਡਿਸਪਲੇ' ਨਾਲ ਮਾਪੀ ਜਾਂਦੀ ਹੈ। ਜੇ ਪੈਲੇਸ ਵਿੱਚ ਲਾਈਟਾਂ ਘੱਟ ਹੋਣ ਤਾਂ ਇੱਜ਼ਤ ਘੱਟ ਜਾਂਦੀ ਹੈ, ਜੇ ਮੁਰਗੇ ਦੀ ਤਰ੍ਹੀ ਵਿੱਚ ਤੇਲ ਘੱਟ ਹੋਵੇ ਤਾਂ ਖਾਨਦਾਨ ਦੀ ਸ਼ਾਨ ਨੂੰ ਵੱਟਾ ਲੱਗ ਜਾਂਦਾ ਹੈ। ਅਸੀਂ ਇਹ ਭੁੱਲ ਗਏ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਅਸੀਂ ਖੁਆ ਕੇ ਖੁਸ਼ ਕਰਨਾ ਚਾਹੁੰਦੇ ਹਾਂ, ਉਹ ਕਦੇ ਰੱਜਦੇ ਹੀ ਨਹੀਂ। ਉਹ ਤਾਂ ਵਿਆਹ ਦੀ ਵੀਡੀਓ ਦੇਖਦਿਆਂ ਵੀ ਇਹੀ ਕਹਿਣਗੇ ਕਿ "ਫੁੱਲ ਥੋੜ੍ਹੇ ਮੁਰਝਾਏ ਹੋਏ ਸੀ।"

ਬਹੁਤ ਦੁਖਦਾਈ ਹੈ ਕਿ ਅਸੀਂ 'ਫੋਕੀ ਸ਼ੋਹਰਤ' ਦੇ ਚੱਕਰ ਵਿੱਚ ਆਪਣਾ ਸਕੂਨ ਵੇਚ ਦਿੱਤਾ ਹੈ। ਬਾਅਦ ਵਿੱਚ ਜਦੋਂ ਬੈਂਕ ਵਾਲੇ ਬੂਹੇ 'ਤੇ ਆ ਕੇ ਖੜ੍ਹਦੇ ਹਨ, ਉਦੋਂ ਉਹ 'ਉਹ ਗੱਲ ਨੀ ਬਣੀ' ਕਹਿਣ ਵਾਲਾ ਕੋਈ ਰਿਸ਼ਤੇਦਾਰ ਸਲਾਹ ਦੇਣ ਵੀ ਨਹੀਂ ਆਉਂਦਾ। ਅਸੀਂ ਆਪਣੀ ਚਾਦਰ ਤੋਂ ਬਾਹਰ ਪੈਰ ਸਿਰਫ਼ ਇਸ ਲਈ ਪਸਾਰਦੇ ਹਾਂ ਤਾਂ ਜੋ ਲੋਕਾਂ ਦੀਆਂ ਅੱਖਾਂ ਚੁੰਧਿਆ ਸਕੀਏ, ਪਰ ਅਖੀਰ ਵਿੱਚ ਉਹ ਲੋਕ ਸਿਰਫ਼ 'ਨੁਕਸ' ਲੱਭ ਕੇ ਸਾਡੇ ਮੂੰਹ 'ਤੇ ਮਾਰਦੇ ਹਨ।

ਜੇਕਰ ਅਸੀਂ ਅੱਜ ਵੀ ਨਾ ਸੰਭਲੇ, ਤਾਂ ਇਹ 'ਨਾ ਬਣੀ ਗੱਲ' ਵਾਲੀ ਮਾਨਸਿਕਤਾ ਸਾਨੂੰ ਕਿਤੇ ਦਾ ਨਹੀਂ ਛੱਡੇਗੀ। ਵਿਆਹ-ਸ਼ਾਦੀਆਂ ਵਿੱਚ ਸਾਦਗੀ ਨੂੰ 'ਕੰਜੂਸੀ' ਦਾ ਨਾਮ ਦੇ ਕੇ ਅਸੀਂ ਖੁਦ ਨੂੰ ਤਬਾਹੀ ਦੇ ਰਾਹ ਤੋਰ ਲਿਆ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅਸਲੀ 'ਗੱਲ' ਮਹਿੰਗੇ ਰੁਮਾਲਾਂ ਜਾਂ ਪਨੀਰ ਦੇ ਟੁਕੜਿਆਂ ਵਿੱਚ ਨਹੀਂ, ਬਲਕਿ ਕਰਜ਼ਾ-ਮੁਕਤ ਜੀਵਨ ਅਤੇ ਮਾਨਸਿਕ ਸ਼ਾਂਤੀ ਵਿੱਚ ਹੁੰਦੀ ਹੈ। ਨਹੀਂ ਤਾਂ, ਸਾਰੀ ਉਮਰ ਕਿਸ਼ਤਾਂ ਭਰਦਿਆਂ ਵੀ ਸਾਡੇ ਅੰਦਰੋਂ ਇਹੀ ਆਵਾਜ਼ ਆਵੇਗੀ, "ਜ਼ਿੰਦਗੀ ਤਾਂ ਲੰਘ ਗਈ, ਪਰ ਉਹ ਗੱਲ ਨੀ ਬਣੀ!"



ਜਤਿੰਦਰ ਭੁੱਚੋ
ਪਿੰਡ ਭੁੱਚੋ ਖੁਰਦ (ਬਠਿੰਡਾ)
ਮੋਬਾਇਲ ਨੰਬਰ-
9501475400

# ਕੌੜੀਆਂ ਕੁਸੈਲੀਆਂ ਯਾਦਾਂ ਦੇ ਸਹਾਰੇ ਹੈ ਜਿੰਦਗੀ

ਦੁਨੀਆਂ ਵਿੱਚ ਰਹਿੰਦੇ ਹਰ ਆਦਮੀ ਕੋਲ ਅਨੇਕਾਂ ਹੀ ਯਾਦਾਂ ਹੁੰਦੀਆਂ ਹੈ,ਭਾਵੇਂ ਉਹ ਚੰਗੀਆਂ ਹੋਣ ਜਾਂ ਮਾੜੀਆਂ ਹੋਣ।ਕਈ ਵਾਰ ਖੁਸ਼ੀ ਦੇ ਪਲ,ਉਦਾਸੀ ਵਿੱਚ ਘਿਰੇ ਹੋਏ,ਲਗਾਓ ਅਤੇ ਪਿਆਰ ਦੀ ਭਾਲ ਵਿੱਚ ਹੁੰਦੇ ਹਨ।ਇਸ ਤੋਂ ਇਲਾਵਾ ਜਦੋਂ ਯਾਦਦਾਸ਼ਤ ਆਪਣਿਆਂ ਨਾਲ ਜੁੜੀ ਹੁੰਦੀ ਹੈ ਤਾਂ ਇਹ ਜਨਤਕ ਯਾਦਦਾਸ਼ਤ ਬਣ ਜਾਦੀ ਹੈ।ਜਦੋਂ ਯਾਦਾਂ ਰੇਲਗੱਡੀ ਵਿੱਚ ਚੜਣ ਅਤੇ ਖੁਸ਼ਹਾਲ ਸ਼ਟੇਸ਼ਨ 'ਤੇ ਉਤਰਣ ਵਰਗੀਆਂ ਜਿੰਦਗੀ ਵਿੱਚ ਮੌਜੂਦ ਹੁੰਦੀਆਂ ਹੋਣ,ਤਾਂ ਯਾਦਦਾਸ਼ਤ ਇੱਕ ਕਦੇ ਨਾ ਖਤਮ ਹੋਣ ਵਾਲੀ ਯਾਤਰਾ ਬਣ ਜਾਦੀ ਹੈ।ਇਹ ਵਿਅਕਤੀਗਤ ਤੋਂ ਸਮੂਹਿਕ ਚੇਤਨਾ ਵੱਲ ਜਾਣ ਦਾ ਇੱਕ ਸਾਧਨ ਵੀ ਹੈ,ਕਿਉਕਿ ਯਾਦਦਾਸ਼ਤ ਇੱਕ ਸੰਚਾਰਕ ਹੈ। ਹਰ ਯੁੱਗ ਵਿੱਚ,ਲੋਕ ਆਪਣੀਆਂ ਭਾਵਨਾਵਾਂ ਨੂੰ ਦੂਸਰਿਆਂ ਤੱਕ ਪਹੁੰਚਾਉਣ ਲਈ ਤੱਤ ਭਰ ਰਹੇ ਹਨ।ਜਦੋਂ ਸਾਡੇ ਕੋਲ ਆਉਣ-ਜਾਣ ਵਾਲੇ ਸਾਧਨ (ਵਿਗਿਆਨਕ ਯੰਤਰ) ਨਹੀ ਸਨ,ਤਾਂ ਉਹ ਇਕ ਦੂਜੇ ਤੱਕ ਆਪਣਾ ਸੁਨੇਹਾ ਪਹੁੰਚਾਉਣ ਲਈ ਕੁਦਰਤੀ ਸਾਧਨ ਵਰਤ ਰਹੇ ਸਨ।ਕਦੇ ਕਬੂਤਰ ਅਤੇ ਕਦੇ ਬੱਦਲ ਇਸ ਦਾ ਜਰੀਆ ਬਣਦੇ ਰਹੇ,ਪਰ ਕਿਸੇ ਵੀ ਸਮੇਂ ਕਬੂਤਰ ਜਾਂ ਬੱਦਲ ਮਨੁੱਖੀ ਭਾਸ਼ਾਂ ਅਤੇ ਭਾਵਨਾਵਾਂ ਨੂੰ ਸਮਝਣ ਵਿੱਚ ਏਨੇ ਬੁੱਧੀਮਾਨ ਸਾਬਤ ਨਹੀ ਹੋਏ,ਜਿੰਨੇ ਕਿ ਉਹ ਹੁੰਦੇ ਸਨ।ਉਸ ਤੋਂ ਬਾਅਦ ਵਿਗਿਆਨ ਨੇ ਖੋਜ ਕਰਕੇ ਨਵੀ ਤਕਨੀਕ ਦੇ ਉਪਕਰਣ ਤਿਆਰ ਕੀਤੇ।ਜੋ ਕੁਦਰਤ ਦੇ ਨਾਲ ਨਾਲ ਭਾਵਨਾਵਾਂ ਨੂੰ ਅਤੇ ਵਿਚਾਰਾਂ ਨੂੰ ਆਸਾਨੀ ਨਾਲ ਸਮਝਣ ਲੱਗੇ।ਉਦੋਂ ਤੋਂ ਇਹ ਕੰਮ ਹੋਰ ਵੀ ਆਸਾਨ ਹੋ ਗਿਆ।ਪਰ ਵਿਚਾਰਾਂ ਤੇ ਯਕੀਨ ਕਰਨਾ ਆਲੋਪ ਹੋ ਗਿਆ।ਉਡੀਕ ਵਿਅਕਤੀ ਦੇ ਅੰਦਰ ਬੇਚੈਨੀ ਪੈਦਾ ਕਰਨ ਲੱਗੀ ਪਰ ਉਸ ਨੂੰ ਅੰਦਰ ਸਬਰ ਰੱਖਣ ਦਾ ਗੁਣ ਸਿਖਾਉਦੀ ਰਹੀ। ਸਾਡੇ ਜੀਵਨ ਦੀ ਮਹੱਤਤਾ ਦਾ ਅਰਥ ਵੀ ਸਮਾਜਿਕ ਖੁਦਕਸ਼ੀ ਦਾ ਇਕ ਰੂਪ ਹੈ।ਇਸ ਕਰਕੇ ਦਿਨ ਭਰ ਦੀ ਚਰਚਾ ਹੀ ਸਾਡੇ ਭਵਿੱਖ ਦੀ ਨੀਂਹ ਰੱਖਦੇ ਹਨ।ਦਿਨ ਭਰ ਦੀ ਚਰਚਾ ਦੀ ਯਾਦ ਸਾਡੇ ਜੀਵਨ ਦਾ ਮੁੱਖ ਵਿਸ਼ਲੇਸ਼ਣ ਹੁੰਦਾ ਹੈ।ਇਸ ਵਿੱਚ ਇਧਰ-ਉਧਰ ਦੇ ਸੰਖੇਪ ਵੇਰਵੇ,ਨਾਲ ਖੁਸ਼ੀ ਅਤੇ ਦੁੱਖ ਦੇ ਪਲ ਸ਼ਾਮਲ ਹੁੰਦੇ ਹਨ।ਜੇਕਰ ਇੱਕ ਹੰਝੂ ਸਾਡੀਆਂ ਅੱਖਾਂ ਵਿੱਚ ਆਉਦਾ ਹੈ ਤਾਂ ਸ਼ਇਦ ਸਾਨੂੰ ਬਹੁਤ ਸਾਰੀਆਂ ਚੀਜ਼ਾ ਯਾਦ ਆਉਦੀਆਂ ਹਨ,ਜੋ ਸਾਡੇ ਅੰਦਰ,ਸਾਡੇ ਆਲੇ-ਦੁਅਲੇ,ਸਾਡੇ ਵਿਚਕਾਰ ਵਾਪਰੀਆਂ ਹਨ।ਜੋ ਅਸੀ ਆਪਣਾ ਜੀਵਨ ਦੂਸਰਿਆਂ ਨਾਲ ਮੁਕਾਬਲਾ ਕਰਦੇ ਬਿਤਾਉਦੇ ਹਾਂ,ਜਿਸ ਵਿੱਚ ਅਸਲ ਯਾਦਦਾਸ਼ਤ ਮਿੱਟਾ ਦਿੱਤੀ ਜਾਦੀ ਹੈ।ਆਖਰ ਵਿੱਚ,ਜੇਕਰ ਅਸੀ ਇਸ ਨਵੀ ਯਾਦਦਾਸ਼ਤ ਨੂੰ ਯਾਦਦਾਸ਼ਤ ਵਜੋਂ ਸਵੀਕਾਰ ਕਰਦੇ ਹਾਂ ਅਤੇ ਬਹੁਤ ਅੱਗੇ ਵੱਲ ਵੱਧਦੇ ਜਾਦੇ ਹਾਂ। ਦਰਅਸਲ,ਅਸੀ ਜੀਵਨ ਦੀ ਇਕਾਂਤ ਅਤੇ ਮਨ ਦੀ ਸੱਭ ਤੋਂ ਅੰਦਰੂਨੀ ਹਕੀਕਤ ਤੋਂ ਵਾਂਝੇ ਰਹਿ ਗਏ ਹਾਂ।ਸ਼ਾਇਦ ਇਸ ਲਈ ਅਸੀ ਇਹ ਭੁੱਲੇ ਬੈਠੇ ਹਾਂ ਕਿ ਪਹਾੜਾਂ ਨੂੰ ਲਿਪਿਆ ਨਹੀ ਪਾਰ ਕੀਤਾ ਜਾਂਦਾ ਹੈ।ਪਹਾੜਾ ਦੇ ਘੁੰਮਦੇ ਮੋੜਾਂ 'ਤੇ ਫੁਲਾਂ ਦੀ ਖੁਸ਼ਬੂ ਅਕਸਰ ਸਾਨੂੰ ਰਸਤੇ ਪਾਰ ਕਰਨ ਵਿੱਚ ਮਦਦ ਕਰਦੀ ਹੈ।ਹਨ੍ਹੇਰਾ ਹੋਵੇ ਜਾਂ ਰੌਸ਼ਨੀ ਅੱਗੇ ਵੱਧਣ ਤੋਂ ਕਦੇ ਨਹੀ ਰੁਕਦਾ।ਪਾਣੀ ਆਪਣੀ ਮੰਜ਼ਿਲ ਲੱਭ ਹੀ ਲੈਦਾ ਹੈ।ਫੁੱਲਾਂ ਦੀ ਖੁਸ਼ਬੂ ਖੁੱਦ ਫੁੱਲਾਂ ਦੇ ਰਾਹ ਨੂੰ ਦਰਸਾਉਦੀ ਹੈ।ਜਦੋਂ ਕੋਈ ਕਵੀ ਜਾਂ ਸਿਰਜਣਹਾਰ ਇਸ ਨੂੰ ਬਣਾਉਦਾ ਹੈ ਤਾਂ ਤਿਤਲੀਆਂ ਦੀ ਗਤੀ ਇਸ ਨੂੰ ਜਸ਼ਨ ਵਿੱਚ ਬਦਲ ਦਿੰਦੀ ਹੈ। ਇਹ ਉਸ ਦ੍ਰਿਸ਼ ਨੂੰ ਸ਼ਬਦ ਕਹਿੰਦੇ ਹਨ,ਅਤੇ ਬੱਚੇ ਇਸ ਨੂੰ ਪ੍ਰਾਰਥਨਾਵਾਂ ਵਿੱਚ ਗੁਣਗੁਣਾਉਦੇ ਹਨ,ਜਿਵੇਂ ਇਕ ਲੋਰੀ ਗਾਈ ਜਾਂਦੀ ਹੈ।ਇਹਨਾਂ ਵਿਚਾਰਾਂ ਨਾਲ ਅਸੀ ਆਪਣੇ ਆਪ ਨੂੰ ਬੁੱਧੀਜੀਵੀ ਸਮਝਦੇ ਹਾਂ।ਇਸ ਦੀ ਭੂਮਿਕਾ ਨਾ ਸਿਰਫ਼ ਇਕ ਸਮਝਦਾਰ ਦੀ ਹੈ,ਸਗੋਂ ਇਕ ਜਾਣਕਾਰੀ ਦੀ ਵੀ ਹੈ ਜੋ ਇਸ ਦੀ ਜਿੰਮੇਵਾਰੀ ਲੈਦੀ ਹੈ।ਸਾਡੇ ਵਿੱਚੋਂ ਇਕ ਵੱਡਾ ਹਿੱਸਾ ਸਾਡੀਆਂ ਅੱਖਾਂ ਦੇ ਸਾਹਮਣੇ,ਲਗਾਤਾਰ ਰੇਲਗੱਡੀ ਅਤੇ ਬੱਸਾਂ ਵਿੱਚ ਹਰ ਰੋਜ਼ ਯਾਤਰਾ ਕਰਦਾ ਹੈ।ਅਜਿਹੀ ਸਥਿੱਤੀ ਵਿੱਚ,ਜੀਵਨ ਵਿੱਚ ਬਹੁਤ ਸਾਰੇ ਡੂੰਘੇ ਅਤੇ ਗਹਿਰੇ ਜ਼ਖਮਾ ਦੇ ਨਾਲ ਨਾਲ ਕਈ ਤਰਾਂ ਦੇ ਅਨੁਭਵ ਮਿਲਦੇ ਹਨ।ਅਸੀ ਉਨਾਂ ਵਿੱਚੋਂ ਸਿਰਫ਼ ਉਨਾਂ ਨੂੰ ਹੀ ਯਾਦ ਰੱਖਦੇ ਹਾਂ ਜੋ ਸਾਡੇ ਨਾਲ ਸਮਾਂ ਬਿਤਾਉਦੇ ਹਨ। ਜਦੋਂ ਅਸੀ ਆਹਮਣੇ-ਸਾਹਮਣੇ ਹੁੰਦੇ ਹਾਂ ਤਾਂ ਵੀ ਅਸੀ ਇਕ ਦੂਸਰੇ ਦੀਆਂ ਖੁਸ਼ੀਆਂ ਅਤੇ ਦੁੱਖਾਂ ਤੋਂ ਏਨੇ ਅਣਜਾਣ ਹੁੰਦੇ ਹਾਂ ਕਿ ਕਈ ਵਾਰ ਲੱਗਦਾ ਹੈ ਕਿ ਹੰਝੂਆਂ ਦਾ ਵਹਿਣਾ ਵੀ ਇਕ ਭਰੋਸਾ ਜਿੱਤਣ ਵਰਗਾ ਹੁੰਦਾ ਹੈ।ਹੰਝੂਆਂ ਵਿੱਚ ਏਨੀ ਤਾਕਤ ਹੁੰਦੀ ਹੈ ਕਿ ਹਵਾ ਅਤੇ ਧਰਤੀ ਦੇ ਵਿਚਕਾਰ ਵੀ ਆਪਣੀ ਨਮੀ ਬਰਕਰਾਰ ਰੱਖਦੇ ਹਨ।ਸ਼ਾਇਦ ਇਹ ਹਮਦਰਦ ਹੋਣ ਦੀ ਆਖਰੀ ਨਿਸ਼ਾਨੀ ਹੁੰਦੀ ਹੈ।ਅੱਖਾਂ ਵਿੱਚ ਹੰਝੂ ਕਿਵੇ ਆਉਦੇ ਹਨ ਅਤੇ ਉਹਨਾਂ ਨੂੰ ਕਿਵੇ ਪੂੰਝਿਆਂ ਜਾਦਾ ਹੈ,ਇਸ ਦੇ ਪਿੱਛੇ ਇਨਸਾਨ ਦੇ ਬਹੁਤ ਸਾਰੇ ਰਾਜ ਛੁੱਪੇ ਹੋਏ ਹੁੰਦੇ ਹਨ।ਸਾਨੂੰ ਨਹੀ ਪਤਾ ਸੀ ਕਿ ਇਹ ਤੇਜ਼ ਦੌੜ੍ਹ ਰਹੀ ਦੁਨੀਆਂ ਵਿੱਚ,ਸ਼ਰਮੀਲੇ ਚਰਵਾਹਿਆਂ ਵਾਂਗ ਹੌਲੀ-ਹੌਲੀ ਚੱਲਣ ਦੀ ਸਮਰੱਥਾ ਕਿਸ ਕੋਲ ਹੈ?ਦੁਨੀਆਂ ਭਰ ਦੀਆਂ ਸਵੈ-ਨਿਰਭਰ ਅਤੇ ਆਪਣੇ ਭਰੋਸੇ ਖੜੀਆਂ ਹੋਈਆਂ ਮਹਿਲਾਵਾਂ ਦਾ ਨਾਰੀਵਾਦ ਭਾਸ਼ਣ ਜੋ ਨਮੀ ਵਾਲੀ ਹਵਾ ਵਾਂਗ ਰਲ ਜਾਂਦੇ ਹਨ,ਉਹ ਕਦੇ ਵੀ ਇਕਸਾਰ ਨਹੀ ਹੁੰਦੇ,ਪਤਾ ਨਹੀ ਇਹ ਕਿਉਂ ਹੈ?

ਮਹਾਂਨਗਰਾਂ ਵਿੱਚ ਬਣ ਰਹੀ ਉਚੀਆਂ-ਉਚੀਆਂ ਇਮਾਰਤਾਂ ਦੇ ਅੰਦਰ ਕੰਮ ਕਰਨ ਵਾਲੀਆਂ ਔਰਤਾਂ,ਉਹਨਾਂ ਦੀ ਜਿੰਦਗੀ ਵਿੱਚ ਖੁਸ਼ੀ ਹੈ ਜਾਂ ਨਹੀ,ਇਹ ਉਹੀ ਜਾਣਦੀਆਂ ਹਨ,ਪਰ ਉਹ ਹਾਰੀ ਹੋਈ ਸਥਿੱਤੀ ਵਿੱਚ ਕੰਮ ਕਰ ਰਹੀਆਂ ਹਨ।ਸਾਡੀਆਂ ਸਾਰਿਆਂ ਦੀਆਂ ਸਮੱਸਿਆਵਾਂ ਕਿੰਨੀਆਂ ਅਲੱਗ ਹੋ ਗਈਆਂ ਹਨ?ਅਸੀ ਹਰ ਜਗ੍ਹਾ ਪਹੁੰਚਣ ਲਈ ਰਸਤਾ ਵੱਖਰਾ ਅਤੇ ਸੌਖਾ ਬਣਾ ਲਿਆ ਹੈ।ਸਾਡੀਆਂ ਕੋਸ਼ਿਸ਼ਾਂ ਦੇ ਕਾਰਨ ਸਾਡੇ ਵਲੋਂ ਪੈਦਾ ਕੀਤੇ ਗਏ ਅਲੱਗ ਅਲੱਗ ਤਰਾਂ ਦੇ ਸਰੋਤਾਂ ਦੇ ਕਾਰਨ ਜਾਂ ਸਾਡੇ ਰੁਝੇਵਿਆਂ ਦੇ ਕਾਰਨ,ਅਸੀ ਆਪਣੇ ਆਪ ਦੀ ਆਵਾਜ਼ ਨਹੀ ਸੁਣ ਸਕਦੇ,ਨਾ ਹੀ ਦੇਖ ਸਕਦੇ ਹਾਂ।ਅਸੀ ਸਰਿਫ਼ ਉਸ ਦੁਨੀਆਂ ਵਿੱਚ ਰਹਿੰਦੇ ਹਾਂ ਜੋ ਸਮਾਂ ਪੂਰਾ ਕਰਦੇ ਹੋਏ ਅੱਗੇ ਵੱਧਦੇ ਹਨ।ਤਰੱਕੀ ਦੇ ਇਸ ਯੁੱਗ ਵਿੱਚ ਥੱਲੇ ਵਾਲੇ ਪੱਧਰ ਦੀ ਬਿਆਨਬਾਜ਼ੀ ਤੋਂ ਬਚਣਾ ਆਸਾਨ ਨਹੀ ਹੈ।ਸ਼ਾਇਦ ਏਸੇ ਲਈ ਅੱਜ ਕੱਲ ਦੇ ਨੌਜਵਾਨਾਂ ਵਿੱਚ ਅਲੱਗ ਜਿਹਾ ਰਹਿਣਾ,ਡਰ,ਬੇਵਸੀ ਅਤੇ ਨਿਰਾਸ਼ਾਂ ਦਾ ਮਹੌਲ ਬਣਿਆ ਹੋਇਆ ਹੈ।



ਅਮਰਜੀਤ ਚੰਦਰ
ਲੁਧਿਆਣਾ

# ਸਿਆਸੀ ਚੜ੍ਹਤ ਦੀ ਅਸਲੀ ਪੌੜੀ: ਪੁਜਾਰੀ, ਵਪਾਰੀ, ਅਧਿਕਾਰੀ ਤੇ ਦਰਬਾਰੀ ਦੇ ਹੱਥ?

ਭਾਰਤੀ ਰਾਜਨੀਤੀ ਵਿੱਚ ਸਫਲਤਾ ਦੀ ਰਾਹ ਬਹੁਤ ਸਿੱਧਾ ਨਹੀਂ ਹੁੰਦਾ।ਇਹ ਇੱਕ ਲੰਮੀ ਤੇ ਉਭਰਦੀ ਪੌੜੀ ਵਾਂਗ ਹੈ, ਜਿਸ ਉੱਤੇ ਚੜ੍ਹਨ ਲਈ ਹਰ ਉਮੀਦਵਾਰ ਨੂੰ ਚਾਰ ਮੁੱਖ ਥੰਮ੍ਹਾਂ ਨਾਲ ਨੇੜਤਾ ਵਧਾਉਣੀ ਪੈਂਦੀ ਹੈ।ਪੁਜਾਰੀ (ਧਾਰਮਿਕ ਆਗੂ), ਵਪਾਰੀ (ਵਪਾਰੀ ਵਰਗ), ਅਧਿਕਾਰੀ (ਪ੍ਰਸ਼ਾਸਕੀ ਤੰਤਰ) ਅਤੇ ਦਰਬਾਰੀ (ਚਾਪਲੂਸ ਤੇ ਫਲੈਟਰਰ ਲੋਕ)। ਇਹ ਗੱਲ ਇੱਕ ਆਮ ਉਦਾਹਰਨ ਵਾਂਗ ਲੱਗਦੀ ਹੈ, ਪਰ ਇਸਦੀ ਗਹਿਰਾਈ ਵਿੱਚ ਭਾਰਤੀ ਲੋਕਤੰਤਰ ਦੀਆਂ ਬਹੁਤੀਆਂ ਕਮਜ਼ੋਰੀਆਂ ਲੁਕੀਆਂ ਹੋਈਆਂ ਹਨ। ਇਸ ਲੇਖ ਵਿੱਚ ਅਸੀਂ ਇਸ ਤੱਥ ਨੂੰ ਵਿਸਥਾਰ ਨਾਲ ਸਮਝਣ ਦੀ ਕੋਸ਼ਿਸ਼ ਕਰਾਂਗੇ। ਪੁਜਾਰੀ ਵਰਗ ਭਾਰਤੀ ਸਮਾਜ ਵਿੱਚ ਲੋਕਾਂ ਦੀਆਂ ਭਾਵਨਾਵਾਂ ਉੱਤੇ ਸਿੱਧਾ ਅਸਰ ਪਾਉਂਦਾ ਹੈ। ਧਰਮ ਇੱਥੇ ਸਿਰਫ਼ ਆਸਥਾ ਨਹੀਂ, ਬਲਕਿ ਵੋਟ ਬੈਂਕ ਵੀ ਹੈ। ਰਾਜਨੀਤੀ ਵਿੱਚ ਉਭਰਨ ਵਾਲਾ ਨੇਤਾ ਪਹਿਲਾਂ ਧਾਰਮਿਕ ਆਗੂਆਂ ਨਾਲ ਰਿਸ਼ਤਾ ਬਣਾਉਂਦਾ ਹੈ। ਉਹ ਮੰਦਰਾਂ, ਗੁਰਦੁਆਰਿਆਂ, ਮਸਜਿਦਾਂ ਜਾਂ ਚਰਚਾਂ ਵਿੱਚ ਜਾ ਕੇ ਆਪਣੀ ਹਾਜ਼ਰੀ ਲਗਾਉਂਦਾ ਹੈ, ਧਾਰਮਿਕ ਉਤਸਵਾਂ ਵਿੱਚ ਸ਼ਾਮਲ ਹੁੰਦਾ ਹੈ ਅਤੇ ਧਰਮ ਗੁਰੂਆਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਉਸਦੀ ਸੱਤਾ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰੇਗੀ। ਪੰਜਾਬ ਵਿੱਚ ਅਕਾਲੀ ਦਲ ਵਰਗੀਆਂ ਪਾਰਟੀਆਂ ਲਈ ਧਾਰਮਿਕ ਆਗੂਆਂ ਦਾ ਸਮਰਥਨ ਬਹੁਤ ਮਹੱਤਵਪੂਰਨ ਰਿਹਾ ਹੈ। ਇਸੇ ਤਰ੍ਹਾਂ ਉੱਤਰ ਭਾਰਤ ਵਿੱਚ ਬੀਜੇਪੀ ਵਰਗੀਆਂ ਪਾਰਟੀਆਂ ਹਿੰਦੂ ਧਰਮ ਗੁਰੂਆਂ ਅਤੇ ਮਠਾਂ ਨਾਲ ਨੇੜਲੇ ਰਿਸ਼ਤੇ ਰੱਖ ਕੇ ਵੱਡੀ ਵੋਟ ਬੈਂਕ ਇਕੱਠੀ ਕਰਦੀਆਂ ਹਨ। ਪੁਜਾਰੀ ਵਰਗ ਵੋਟਾਂ ਤੋਂ ਇਲਾਵਾ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਜਾਂ ਠੰਢਾ ਕਰਨ ਵਿੱਚ ਵੀ ਮਦਦ ਕਰਦਾ ਹੈ। ਇਸ ਲਈ ਇਸ ਨੂੰ ਭਰੋਸੇ ਵਿੱਚ ਲੈਣਾ ਲਗਭਗ ਲਾਜ਼ਮੀ ਹੋ ਜਾਂਦਾ ਹੈ। ਦੂਜਾ ਮਹੱਤਵਪੂਰਨ ਥੰਮ੍ਹ ਹੈ ਵਪਾਰੀ ਵਰਗ। ਰਾਜਨੀਤੀ ਇੱਕ ਮਹਿੰਗੀ ਖੇਡ ਹੈ। ਚੋਣਾਂ ਵਿੱਚ ਖਰਚਾ, ਪਾਰਟੀ ਚਲਾਉਣਾ, ਰੈਲੀਆਂ ਤੇ ਪ੍ਰਚਾਰ ਲਈ ਭਾਰੀ ਰਕਮ ਚਾਹੀਦੀ ਹੈ। ਇੱਥੇ ਵਪਾਰੀ ਆਉਂਦਾ ਹੈ। ਵੱਡੇ ਉਦਯੋਗਪਤੀ ਤੇ ਵਪਾਰੀ ਨੇਤਾਵਾਂ ਨੂੰ ਫੰਡਿੰਗ ਮੁਹੱਈਆ ਕਰਵਾਉਂਦੇ ਹਨ ਤੇ ਬਦਲੇ ਵਿੱਚ ਆਪਣੇ ਵਪਾਰੀ ਹਿੱਤ ਸੁਰੱਖਿਅਤ ਰੱਖਦੇ ਹਨ। ਲਾਇਸੈਂਸ, ਟੈਂਡਰ, ਟੈਕਸ ਛੋਟ ਤੇ ਨੀਤੀਆਂ ਵਿੱਚ ਤਬਦੀਲੀਆਂ ਉਨ੍ਹਾਂ ਦੀਆਂ ਮੰਗਾਂ ਹੁੰਦੀਆਂ ਹਨ। ਭਾਰਤ ਵਿੱਚ ਬਹੁਤ ਸਾਰੀਆਂ ਉਦਾਹਰਣਾਂ ਹਨ ਜਿੱਥੇ ਵਪਾਰੀ ਰਾਜਨੀਤੀ ਵਿੱਚ ਸਿੱਧਾ ਦਾਖਲ ਹੋ ਗਏ ਜਾਂ ਪਿੱਛੋਂ ਰਾਜਨੀਤਕ ਨੇਤਾਵਾਂ ਨਾਲ ਗਠਜੋੜ ਬਣਾਇਆ। ਇਸ ਨਾਲ ਰਾਜਨੀਤੀ ਵਿੱਚ ਧਨ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ ਤੇ ਆਮ ਆਦਮੀ ਦੀ ਭਾਗੀਦਾਰੀ ਘਟ ਰਹੀ ਹੈ। ਵਪਾਰੀ ਵਰਗ ਨੂੰ ਭਰੋਸੇ ਵਿੱਚ ਲੈਣ ਤੋਂ ਬਿਨਾਂ ਚੋਣ ਲੜਨਾ ਤੇ ਜਿੱਤਣਾ ਔਖਾ ਹੋ ਜਾਂਦਾ ਹੈ। ਤੀਜਾ ਅਹਿਮ ਤੱਤ ਹੈ ਅਧਿਕਾਰੀ ਵਰਗ। ਭਾਰਤ ਵਿੱਚ ਬਿਊਰੋਕ੍ਰੇਸੀ ਇੱਕ ਮਜ਼ਬੂਤ ਤੰਤਰ ਹੈ। ਨੀਤੀਆਂ ਬਣਾਉਣ ਤੋਂ ਲੈ ਕੇ ਉਨ੍ਹਾਂ ਨੂੰ ਲਾਗੂ ਕਰਨ ਤੱਕ ਅਧਿਕਾਰੀਆਂ ਦੀ ਭੂਮਿਕਾ ਬਹੁਤ ਵੱਡੀ ਹੈ। ਇੱਕ ਰਾਜਨੀਤਕ ਨੇਤਾ ਜਦੋਂ ਸੱਤਾ ਵਿੱਚ ਆਉਂਦਾ ਹੈ ਤਾਂ ਉਸ ਨੂੰ ਆਪਣੀਆਂ ਯੋਜਨਾਵਾਂ ਚਲਾਉਣ ਲਈ ਅਧਿਕਾਰੀਆਂ ਦਾ ਸਹਿਯੋਗ ਚਾਹੀਦਾ ਹੈ। ਇਸ ਲਈ ਉਹ ਉੱਚ ਅਧਿਕਾਰੀਆਂ ਨਾਲ ਨੇੜਲੇ ਰਿਸ਼ਤੇ ਬਣਾਉਂਦਾ ਹੈ। ਬਦਲੇ ਵਿੱਚ ਅਧਿਕਾਰੀ ਵੀ ਆਪਣੀਆਂ ਤਰੱਕੀਆਂ, ਪੋਸਟਿੰਗ ਤੇ ਹੋਰ ਲਾਭਾਂ ਲਈ ਰਾਜਨੀਤਕ ਆਗੂਆਂ ਉੱਤੇ ਨਿਰਭਰ ਰਹਿੰਦੇ ਹਨ। ਇਸ ਗਠਜੋੜ ਨੇ ਭ੍ਰਿਸ਼ਟਾਚਾਰ ਨੂੰ ਵੀ ਵਧਾਵਾ ਦਿੱਤਾ ਹੈ। ਕਈ ਉੱਚ ਅਧਿਕਾਰੀਆਂ ਦੀ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਭੂਮਿਕਾ ਇਸ ਗੱਲ ਦਾ ਉਦਾਹਰਨ ਹੈ ਕਿ ਬਿਊਰੋਕ੍ਰੇਸੀ ਰਾਜਨੀਤਕ ਫੈਸਲਿਆਂ ਵਿੱਚ ਕਿਵੇਂ ਅਹਿਮ ਰੋਲ ਅਦਾ ਕਰਦੀ ਹੈ। ਇਸ ਲਈ ਨਵਾਂ ਨੇਤਾ ਅਧਿਕਾਰੀਆਂ ਨੂੰ ਆਪਣੇ ਵਫ਼ਾਦਾਰ ਬਣਾਉਣ ਲਈ ਬਹੁਤ ਯਤਨ ਕਰਦਾ ਹੈ। ਚੌਥਾ ਤੇ ਬਹੁਤ ਖ਼ਤਰਨਾਕ ਤੱਤ ਹੈ ਦਰਬਾਰੀ ਵਰਗ। ਇਹ ਉਹ ਲੋਕ ਹਨ ਜੋ ਚਾਪਲੂਸੀ ਤੇ ਖੁਸ਼ਾਮਦ ਰਾਹੀਂ ਨੇਤਾ ਦੇ ਆਲੇ-ਦੁਆਲੇ ਰਹਿੰਦੇ ਹਨ। ਇਹ ਨੇਤਾ ਨੂੰ ਉਸਦੀਆਂ ਗਲਤੀਆਂ ਤੋਂ ਬਚਾਉਂਦੇ ਹਨ ਤੇ ਉਸਨੂੰ ਹਮੇਸ਼ਾ ਇੱਕ ਵਧੀਆ ਤਸਵੀਰ ਪੇਸ਼ ਕਰਦੇ ਹਨ। ਇਹ ਲੋਕ ਮੀਡੀਆ ਵਿੱਚ, ਸੋਸ਼ਲ ਮੀਡੀਆ ਉੱਤੇ ਤੇ ਪਾਰਟੀ ਵਿੱਚ ਨੇਤਾ ਦੀ ਤਾਰੀਫ਼ ਵਿੱਚ ਲੱਗੇ ਰਹਿੰਦੇ ਹਨ। ਇਨ੍ਹਾਂ ਦੀ ਚਾਪਲੂਸੀ ਨੇਤਾ ਨੂੰ ਯਥਾਰਥ ਤੋਂ ਦੂਰ ਲੈ ਜਾਂਦੀ ਹੈ ਤੇ ਉਸਨੂੰ ਗਲਤ ਫੈਸਲੇ ਲੈਣ ਲਈ ਉਕਸਾਉਂਦੀ ਹੈ। ਭਾਰਤੀ ਰਾਜਨੀਤੀ ਵਿੱਚ ਇਸ ਵਰਗ ਨੇ ਬਹੁਤ ਸਾਰੀਆਂ ਪਾਰਟੀਆਂ ਨੂੰ ਪਰਿਵਾਰਵਾਦ ਤੇ ਵਿਅਕਤੀਵਾਦ ਵੱਲ ਧੱਕਿਆ ਹੈ। ਦਰਬਾਰੀ ਲੋਕ ਨੇਤਾ ਨੂੰ ਇੱਕ ਅਜਿਹਾ ਘੇਰਾ ਬਣਾ ਦਿੰਦੇ ਹਨ ਜਿਸ ਵਿੱਚ ਆਮ ਲੋਕਾਂ ਦੀ ਅਵਾਜ਼ ਘੱਟ ਹੀ ਪਹੁੰਚਦੀ ਹੈ। ਇਸ ਚਾਰ ਥੰਮ੍ਹਾਂ ਉੱਤੇ ਖੜ੍ਹੀ ਰਾਜਨੀਤੀ ਦੇ ਨਤੀਜੇ ਬਹੁਤ ਗੰਭੀਰ ਹਨ। ਇਸ ਨਾਲ ਲੋਕਤੰਤਰ ਧੀਰੇ-ਧੀਰੇ ਧਨ, ਧਰਮ ਤੇ ਤਾਕਤ ਦੇ ਗਠਜੋੜ ਵਿੱਚ ਬਦਲ ਰਿਹਾ ਹੈ। ਆਮ ਆਦਮੀ ਦੀਆਂ ਸਮੱਸਿਆਵਾਂ ਬੇਰੁਜ਼ਗਾਰੀ, ਮਹਿੰਗਾਈ, ਸਿਹਤ ਤੇ ਸਿੱਖਿਆ ਪਿੱਛੇ ਛੱਡੀਆਂ ਜਾ ਰਹੀਆਂ ਹਨ। ਨੇਤਾ ਇਨ੍ਹਾਂ ਚਾਰ ਵਰਗਾਂ ਦੇ ਹਿੱਤਾਂ ਨੂੰ ਪਹਿਲ ਦੇਣ ਲੱਗ ਜਾਂਦਾ ਹੈ ਤੇ ਜਨਤਾ ਦੀ ਸੇਵਾ ਇੱਕ ਖੋਖਲਾ ਨਾਅਰਾ ਬਣ ਜਾਂਦਾ ਹੈ। ਪੰਜਾਬ ਵਰਗੇ ਰਾਜ ਵਿੱਚ ਵੀ ਇਸ ਗੱਲ ਦੀਆਂ ਉਦਾਹਰਣਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ, ਜਿੱਥੇ ਧਾਰਮਿਕ ਤੇ ਵਪਾਰੀ ਲਾਬੀਆਂ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ। ਫਿਰ ਵੀ ਆਸ ਬਣੀ ਰਹਿਣੀ ਚਾਹੀਦੀ ਹੈ। ਲੋਕਤੰਤਰ ਵਿੱਚ ਆਮ ਲੋਕਾਂ ਦੀ ਤਾਕਤ ਸਭ ਤੋਂ ਵੱਡੀ ਹੈ। ਜੇਕਰ ਵੋਟਰ ਸਚੇਤ ਹੋਵੇ ਤੇ ਧਰਮ, ਧਨ ਤੇ ਚਾਪਲੂਸੀ ਤੋਂ ਉਪਰ ਉਠ ਕੇ ਯੋਗ ਨੇਤਾ ਚੁਣੇ ਤਾਂ ਇਸ ਚੱਕਰ ਤੋਂ ਬਾਹਰ ਨਿਕਲਿਆ ਜਾ ਸਕਦਾ ਹੈ। ਸਿਆਸੀ ਪਾਰਟੀਆਂ ਨੂੰ ਵੀ ਆਪਣੀਆਂ ਰਣਨੀਤੀਆਂ ਵਿੱਚ ਤਬਦੀਲੀ ਲਿਆਉਣੀ ਚਾਹੀਦੀ ਹੈ ਤੇ ਲੋਕਾਂ ਨਾਲ ਸਿੱਧਾ ਸੰਪਰਕ ਵਧਾਉਣਾ ਚਾਹੀਦਾ ਹੈ। ਸਿਆਸਤ ਦੀ ਇਹ ਪੌੜੀ ਚੜ੍ਹਨ ਵਾਲਾ ਨੇਤਾ ਜੇਕਰ ਇਨ੍ਹਾਂ ਚਾਰ ਵਰਗਾਂ ਨੂੰ ਭਰੋਸੇ ਵਿੱਚ ਲੈ ਕੇ ਵੀ ਆਪਣੀ ਜਨਤਕ ਜ਼ਿੰਮੇਵਾਰੀ ਨੂੰ ਨਾ ਭੁੱਲੇ ਤਾਂ ਉਸਦੀ ਚੜ੍ਹਤ ਸੱਚੀ ਸੇਵਾ ਵੱਲ ਲੈ ਜਾ ਸਕਦੀ ਹੈ। ਨਹੀਂ ਤਾਂ ਇਹ ਸਿਰਫ਼ ਇੱਕ ਘੁੰਮਾਉਂਦਾ ਚੱਕਰ ਬਣ ਕੇ ਰਹਿ ਜਾਵੇਗਾ, ਜਿਸ ਵਿੱਚ ਲੋਕਤੰਤਰ ਖੁਦ ਘਾਟਾ ਝੱਲਦਾ ਰਹੇਗਾ। ਸਮਾਂ ਆ ਗਿਆ ਹੈ ਕਿ ਅਸੀਂ ਰਾਜਨੀਤੀ ਨੂੰ ਇਸ ਚਾਰ ਥੰਮ੍ਹਾਂ ਤੋਂ ਉਪਰ ਉਠਾ ਕੇ ਆਮ ਲੋਕਾਂ ਦੀ ਸੱਚੀ ਭਲਾਈ ਵੱਲ ਲਿਆਈਏ।



ਲਖਵਿੰਦਰ ਸਿੰਘ ਗਿੱਲ
ਜ਼ਿਲ੍ਹਾ ਅੰਮ੍ਰਿਤਸਰ।
9855271004

# ਜ਼ਿੰਦਗੀ ਦੇ ਸਫ਼ਰ ਵਿੱਚ ਸੰਤੁਸ਼ਟੀ ਹੀ ਸਭ ਤੋਂ ਵੱਡੀ ਕਾਮਯਾਬੀ ਹੈ

ਇਨਸਾਨ ਆਪਣੀ ਜ਼ਿੰਦਗੀ ਵਿੱਚ ਬੇਅੰਤ ਮੰਜ਼ਿਲਾਂ ਤੈਅ ਕਰਨ ਦੀ ਖ਼ਾਹਿਸ਼ ਰੱਖਦਾ ਹੈ। ਉਹ ਚਾਹੁੰਦਾ ਹੈ ਕਿ ਉਸਦੇ ਕੋਲ ਦੌਲਤ ਹੋਵੇ, ਨਾਮ ਹੋਵੇ, ਸ਼ੋਹਰਤ ਹੋਵੇ ਅਤੇ ਹਰ ਕੋਈ ਉਸਦੀ ਕਾਮਯਾਬੀ ਦੀ ਮਿਸਾਲ ਦੇਵੇ। ਪਰ ਜੇਕਰ ਅਸੀਂ ਡੂੰਘਾਈ ਨਾਲ ਸੋਚੀਏ ਤਾਂ ਪਤਾ ਲੱਗਦਾ ਹੈ ਕਿ ਅਸਲ ਕਾਮਯਾਬੀ ਇਹਨਾਂ ਚੀਜ਼ਾਂ ਵਿੱਚ ਨਹੀਂ, ਸਗੋਂ ਮਨ ਦੀ ਸੰਤੁਸ਼ਟੀ ਵਿੱਚ ਵੱਸਦੀ ਹੈ। ਜਿਸ ਮਨੁੱਖ ਦੇ ਅੰਦਰ ਸੰਤੁਸ਼ਟੀ ਹੈ, ਉਹੀ ਸੱਚੇ ਅਰਥਾਂ ਵਿੱਚ ਕਾਮਯਾਬ ਹੈ। ਅਸੀਂ ਅਕਸਰ ਆਪਣੀ ਖ਼ੁਸ਼ੀ ਨੂੰ ਭਵਿੱਖ ਨਾਲ ਜੋੜ ਲੈਂਦੇ ਹਾਂ। ਸਾਨੂੰ ਲੱਗਦਾ ਹੈ ਕਿ ਜਦੋਂ ਸਾਨੂੰ ਵੱਡੀ ਨੌਕਰੀ ਮਿਲੇਗੀ, ਵੱਡਾ ਘਰ ਬਣੇਗਾ ਜਾਂ ਵੱਡੀ ਪਹਿਚਾਣ ਬਣੇਗੀ, ਤਦੋਂ ਅਸੀਂ ਖ਼ੁਸ਼ ਹੋਵਾਂਗੇ। ਪਰ ਇਹ ਸੋਚ ਕਦੇ ਖ਼ਤਮ ਨਹੀਂ ਹੁੰਦੀ। ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਜੀ ਸਾਹਮਣੇ ਖੜ੍ਹੀ ਹੋ ਜਾਂਦੀ ਹੈ। ਇਸ ਦੌੜ ਵਿੱਚ ਅਸੀਂ ਆਪਣੇ ਅੱਜ ਦੀ ਖ਼ੂਬਸੂਰਤੀ ਗੁਆ ਬੈਠਦੇ ਹਾਂ। ਸੰਤੁਸ਼ਟੀ ਸਾਨੂੰ ਸਿਖਾਉਂਦੀ ਹੈ ਕਿ ਜੋ ਕੁਝ ਸਾਡੇ ਕੋਲ ਹੈ, ਉਸਦੀ ਕਦਰ ਕਰੀਏ ਅਤੇ ਉਸ ਵਿੱਚ ਹੀ ਖ਼ੁਸ਼ੀ ਲੱਭੀਏ।

ਸਮਾਂ ਬਹੁਤ ਕੀਮਤੀ ਹੈ। ਇਹ ਕਦੇ ਰੁਕਦਾ ਨਹੀਂ ਅਤੇ ਨਾ ਹੀ ਵਾਪਸ ਆਉਂਦਾ ਹੈ। ਜੇ ਅਸੀਂ ਹਰ ਦਿਨ ਨੂੰ ਸ਼ਿਕਾਇਤਾਂ ਵਿੱਚ ਗੁਜ਼ਾਰਾਂਗੇ ਤਾਂ ਪਛਤਾਵੇ ਤੋਂ ਇਲਾਵਾ ਕੁਝ ਹਾਸਲ ਨਹੀਂ ਹੋਵੇਗਾ। ਪਰ ਜੇ ਅਸੀਂ ਹਰ ਸਵੇਰ ਨੂੰ ਇੱਕ ਨਵੇਂ ਮੌਕੇ ਵਾਂਗ ਸਵੀਕਾਰ ਕਰੀਏ ਅਤੇ ਆਪਣੀ ਮਿਹਨਤ ਨਾਲ ਨਾਲ ਸੰਤੁਸ਼ਟੀ ਦਾ ਭਾਵ ਵੀ ਰੱਖੀਏ, ਤਾਂ ਜੀਵਨ ਸੁਖਮਈ ਬਣ ਜਾਂਦਾ ਹੈ। ਸੰਤੁਸ਼ਟੀ ਇਹ ਨਹੀਂ ਕਿ ਅਸੀਂ ਤਰੱਕੀ ਕਰਨੀ ਛੱਡ ਦਈਏ, ਸਗੋਂ ਇਹ ਹੈ ਕਿ ਤਰੱਕੀ ਦੀ ਦੌੜ ਵਿੱਚ ਆਪਣੇ ਮਨ ਦੀ ਸ਼ਾਂਤੀ ਨਾ ਗੁਆਈਏ।

ਰਿਸ਼ਤਿਆਂ ਵਿੱਚ ਵੀ ਸੰਤੁਸ਼ਟੀ ਬਹੁਤ ਜ਼ਰੂਰੀ ਹੈ। ਅਕਸਰ ਅਸੀਂ ਹੋਰਨਾਂ ਨਾਲ ਤੁਲਨਾ ਕਰਕੇ ਆਪਣੇ ਜੀਵਨ ਨੂੰ ਅਧੂਰਾ ਸਮਝਣ ਲੱਗ ਪੈਂਦੇ ਹਾਂ। ਪਰ ਹਰ ਇਨਸਾਨ ਦੀ ਆਪਣੀ ਕਹਾਣੀ ਅਤੇ ਆਪਣਾ ਸਫ਼ਰ ਹੁੰਦਾ ਹੈ। ਜਦੋਂ ਅਸੀਂ ਆਪਣੇ ਪਰਿਵਾਰ, ਦੋਸਤਾਂ ਅਤੇ ਸੱਜਣਾਂ ਨਾਲ ਬਿਤਾਏ ਸਮੇਂ ਨੂੰ ਕੀਮਤੀ ਮੰਨਦੇ ਹਾਂ, ਤਾਂ ਮਨ ਨੂੰ ਇੱਕ ਅਜਿਹਾ ਸੁਕੂਨ ਮਿਲਦਾ ਹੈ ਜੋ ਕਿਸੇ ਵੀ ਵੱਡੀ ਕਾਮਯਾਬੀ ਨਾਲ ਨਹੀਂ ਮਿਲ ਸਕਦਾ। ਪਿਆਰ, ਸਤਿਕਾਰ ਅਤੇ ਸਮਝਦਾਰੀ ਨਾਲ ਬਣੇ ਰਿਸ਼ਤੇ ਹੀ ਸਾਡੀ ਅਸਲ ਦੌਲਤ ਹਨ।

ਇਸ ਲਈ ਜ਼ਿੰਦਗੀ ਦੇ ਸਫ਼ਰ ਵਿੱਚ ਸੱਚੀ ਕਾਮਯਾਬੀ ਕਿਸੇ ਉੱਚੀ ਮੰਜ਼ਿਲ ਦਾ ਨਾਮ ਨਹੀਂ, ਬਲਕਿ ਮਨ ਦੀ ਸ਼ਾਂਤੀ ਅਤੇ ਸੰਤੁਸ਼ਟੀ ਦਾ ਨਾਮ ਹੈ। ਜੇ ਅਸੀਂ ਆਪਣੇ ਅੱਜ ਨੂੰ ਸਵੀਕਾਰ ਕਰਕੇ, ਆਪਣੀ ਮਿਹਨਤ ਨਾਲ ਅਤੇ ਸੰਤੁਸ਼ਟ ਮਨ ਨਾਲ ਜੀਵਾਂਗੇ, ਤਾਂ ਹਰ ਦਿਨ ਸਾਨੂੰ ਕਾਮਯਾਬੀ ਦਾ ਅਹਿਸਾਸ ਕਰਵਾਏਗਾ।



ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ
9876888177

ਜੈ ਭੀਮ ਜੈ ਭਾਰਤ

# "ਪੁੰਨ ਅਨੁਮੋਦਨ"



## ਸ਼੍ਰੀਮਤੀ ਵਿਦਿਆ ਦੇਵੀ

ਸਾਡੇ ਪੂਜਨੀਕ ਮਾਤਾ ਜੀ, ਮਹਾਨ ਨੇਤਰ ਦਾਨੀ, ਸ਼੍ਰੀਮਤੀ ਵਿਦਿਆ ਦੇਵੀ ਜੀ (ਸਪੁਤਨੀ ਸਵ. ਸ਼੍ਰੀ ਰਾਮ ਸਰੂਪ ਜੀ) ਮਿਤੀ 26.03.2026 ਨੂੰ ਇਸ ਦੁਨੀਆਂ ਤੋਂ ਵਿਦਾ ਹੋ ਗਏ ਹਨ ਅਤੇ ਉਨ੍ਹਾਂ ਦਾ "ਪੁੰਨ ਅਨੁਮੋਦਨ" ਪ੍ਰੋਗਰਾਮ ਸਥਾਨ: ਬੋਧੀਸਤਵ ਅਮਬੇਡਕਰ ਪਬਲਿਕ ਸੀ ਸੈ. ਸਕੂਲ, ਫੂਲਪੁਰ-ਧਨਾਲ, ਜਲੰਧਰ, ਪੰਜਾਬ ਵਿਖੇ ਕੀਤਾ ਜਾ ਰਿਹਾ ਹੈ। ਇਸ ਅਨੁਸਾਰ ਆਪ ਸਭ ਨੂੰ ਨਿਮਰਤਾ ਸਹਿਤ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ ਜੀ।

## ਪ੍ਰੋਗਰਾਮ: ਪੂਜਾ ਅਤੇ ਧੱਮ ਪ੍ਰਵਚਨ

## ਮਿਤੀ 05/04/2026 ਦਿਨ ਐਤਵਾਰ

## ਸਮਾਂ ਸਵੇਰੇ 10:30 ਵਜੇ ਤੋਂ 12:30 ਦੁਪਹਿਰ

### ਪੁੱਤਰ ਨੂੰਹਾਂ:

ਹੁਸਨ ਲਾਲ (ਧੱਮਾਚਾਰੀ ਨਾਗਭੂਸ਼ਨ) ਅਤੇ ਪ੍ਰਿੰਸੀਪਲ ਚੰਚਲ ਬੌਧ
ਰਾਮ ਪਾਲ ਅਤੇ ਸੁਨੀਲ ਕੁਮਾਰੀ

### ਧੀਆਂ-ਜਵਾਈ:

ਕਸ਼ਮੀਰੀ ਬਸਰਾ ਅਤੇ ਸੁਰਿੰਦਰ ਪਾਲ ਬਸਰਾ
ਗੀਤਾ ਰਾਣੀ ਅਤੇ ਕੇਵਲ ਸਿੰਘ

ਸੰਪਰਕ: 99883-93442

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com